# ਸਤਿਸੰਗ

# ਗੁਰਬਾਣੀ ਉਪਮਾ

**॥ ਵਡਹੰਸੁ ਮਹਲਾ ੫ ॥ (ਅੰਗ 562)**

**ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ॥**

ਹਰ ਦਫਾ ਗੁਰਬਾਨੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਨੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਨੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*(ਅੰਗ 982)*

ਜੋ ਪ੍ਰਾਣੀ ਗੁਰਬਾਨੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਐੱਸ.ਜੀ.ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਦੇ ਫਾਉਂਡਰ ਚੇਅਰਮੈਨ ਦਾਸ ਕਸ਼ਮੀਰਾ ਸਿੰਘ ਨੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨਾਲ ਮਿਲ ਕੇ ਖਾਲਸਾ ਜੀ ਦੇ 320 ਵੇਂ ਸਿਰਜਣਾ ਦਿਵਸ ਦੀ ਖੁਸ਼ੀ ਵਿੱਚ ਅਖੰਡ ਪਾਠ ਆਰੰਭ ਕਰਵਾਇਆ ਸੀ ਜਿਸ ਦਾ ਅੱਜ ਭੋਗ ਪਾਇਆ ਗਿਆ ਹੈ। ਸਭ ਤੋਂ ਪਹਿਲਾਂ ਆਈ ਸੰਗਤ, ਸਾਰੀ ਕਾਇਨਾਤ ਨੂੰ ਖਾਲਸਾ ਜੀ ਦੇ 320ਵੇਂ ਸਿਰਜਣਾ ਦਿਵਸ ਦੀ ਲੱਖ ਲੱਖ ਵਧਾਈ ਹੋਵੇ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸਾਨੂੰ ਜੀਵਾਂ ਨੂੰ ਇਹ ਸਿੱਖਿਆ ਬਖਸ਼ ਰਹੇ ਹਨ ਕਿ ਉਹ ਵੇਲਾ ਭਾਗਾਂ ਵਾਲਾ ਹੁੰਦਾ ਹੈ ਜਦੋਂ ਜੀਵ ਨੂੰ ਗੁਰਬਾਣੀ ਦੇ ਅਤੇ ਗੁਰਬਾਣੀ ਨਾਲ ਜੁੜੇ ਸੰਤਾਂ ਦੇ ਦਰਸ਼ਨ ਹੁੰਦੇ ਹਨ।

ਸਾਨੂੰ ਚੰਗੀ ਤਰ੍ਹਾਂ ਯਾਦ ਹੈ ਜਦੋਂ ਅਸੀਂ ਆਪਣੇ ਸੰਤਾਂ ਦੀ ਸ਼ਰਨ ਵਿੱਚ ਪਹਿਲੀ ਵਾਰ ਗਏ ਸੀ, ਉਥੇ ਜੋ ਪ੍ਰੰਪਰਾ ਸੀ ਉਸ ਅਨੁਸਾਰ ਸਾਨੂੰ ਪਹਿਲਾਂ ਲੰਗਰ ਛਕਾਇਆ ਗਿਆ। ਉਸ ਲੰਗਰ ਵਿੱਚ ਤੰਦੂਰ ਦੇ ਫੁਲਕੇ, ਛੋਲਿਆਂ ਦੀ ਦਾਲ ਅਤੇ ਅੰਬਾਂ ਦੀ ਚਟਨੀ ਸੀ। ਦਾਲ ਵਿੱਚ ਦੇਸੀ ਘਿਉ ਪਾਇਆ ਹੋਇਆ ਸੀ। ਉਦੋਂ ਗਰਮੀਆਂ ਦੇ ਦਿਨ ਸਨ। ਸਾਨੂੰ ਉਹ ਸਮਾਂ ਕਦੇ ਵੀ ਭੁੱਲਦਾ ਨਹੀਂ ਹੈ ਕਿਉਂਕਿ ਉਸ ਦਿਨ ਸਾਨੂੰ ਪਹਿਲੀ ਵਾਰ ਆਪਣੇ ਸੰਤਾਂ ਦੇ ਦਰਸ਼ਨ ਹੋਏ ਸਨ।

ਸਵੇਰੇ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਦੀ ਸਵਾਰੀ ਦਰਬਾਰ ਸਾਹਿਬ ਵਿਖੇ ਲਿਜਾਈ ਜਾ ਰਹੀ ਹੁੰਦੀ ਹੈ ਉਸ ਵਕਤ ਰਾਗੀ ਸਿੰਘ ਇਹੋ ਸ਼ਬਦ ਪੜ੍ਹ ਰਹੇ ਹੁੰਦੇ ਹਨ। ਸੋਈ ਉਹ ਵੇਲਾ ਭਾਗਾਂ ਵਾਲਾ ਹੁੰਦਾ ਹੈ ਜਦੋਂ ਜੀਵ ਨੂੰ ਉਸ ਮਾਲਿਕ ਦੇ ਦਰਸ਼ਨ ਹੁੰਦੇ ਹਨ।

**ਹਉ ਬਲਿਹਾਰੀ ਸਤਿਗੁਰ ਚਰਣਾ॥ ੧॥**

ਐਸੀ ਤਾਕਤ ਦੇ ਦਰਸ਼ਨ ਤੋਂ ਬਾਅਦ ਜਦੋਂ ਜੀਵ ਉੱਪਰ ਬਖਸ਼ਿਸ਼ ਹੁੰਦੀ ਹੈ ਐਸੀ ਭਾਵਨਾ ਉਸ ਦੇ ਅੰਦਰੋਂ ਫੁੱਟ ਫੁੱਟ ਕੇ ਜਾਹਿਰ ਹੁੰਦੀ ਹੈ ਕਿ ਮੈਂ ਉਸ ਤਾਕਤ ਤੋਂ ਬਲਿਹਾਰ ਜਾਂਦਾ ਹਾਂ ਜਿਹਨਾਂ ਨੇ ਮੇਰੇ ਉੱਪਰ ਬਖਸ਼ਿਸ਼ ਕੀਤੀ ਹੈ।

**ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ॥**

ਸੱਚੇ ਪਾਤਿਸ਼ਾਹੋ! ਤੁਸੀਂ ਸਾਡੇ ਸੁਆਸਾਂ ਦੇ ਦਾਤੇ ਹੋ ਅਤੇ ਤੁਸੀਂ ਬਹੁਤ ਹੀ ਪਿਆਰੀ ਤਾਕਤ ਸਾਨੂੰ ਮਿਲੇ ਹੋ। ਇਸ ਕਰਕੇ ਅਸੀਂ ਖੁਸ਼ੀ ਮਨਾਉਂਦੇ ਹਾਂ।

ਜਦੋਂ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੂੰ ਤੱਤੀਆਂ ਲੋਹਾਂ 'ਤੇ ਬਿਠਾ ਕੇ ਸੀਸ ਵਿੱਚ ਗਰਮ ਰੇਤ ਪਾਈ ਗਈ। ਪਹਿਲਾਂ ਦੇਗਾਂ ਵਿੱਚ ਵੀ ਉਬਾਲਿਆ ਗਿਆ, ਬੜੇ ਤਸੀਹੇ ਦਿੱਤੇ ਗਏ। ਉਸ ਤੋਂ ਬਾਅਦ ਉਹਨਾਂ ਨੂੰ ਦਰਿਆ ਵਿੱਚ ਲੈ ਗਏ ਉੱਥੇ ਉਹਨਾਂ ਦੀ ਦੇਹ ਅਲੋਪ ਹੋ ਗਈ। ਹਜ਼ੂਰ ਛੇਂਵੇਂ ਪਾਤਿਸ਼ਾਹ ਜੀ ਦਰਸ਼ਨਾਂ ਵਾਸਤੇ ਸ਼ਬਦ ਪੜ੍ਹਿਆ ਕਰਦੇ ਸਨ। ਉਹਨਾਂ ਨੇ ਸੰਗਤ ਨੂੰ ਕਿਹਾ ਕਿ ਅੱਜ ਤੋਂ ਬਾਅਦ ਤੁਸੀਂ ਇੱਕਲੇ ਦਰਸ਼ਨਾਂ ਵਾਸਤੇ ਨਹੀਂ ਆਉਣਾ, ਸਗੋਂ ਜੁਲਮ ਦੇ ਟਾਕਰੇ ਵਾਸਤੇ ਸ਼ਸ਼ਤਰ ਲੈ ਕੇ ਆਉਣੇ ਹਨ ਅਤੇ ਸ਼ਸ਼ਤਰ ਵਿਦਿਆ ਸਿੱਖਣੀ ਹੈ। ਘਿਉ ਲਿਆਉਣਾ ਅਤੇ ਖਾਣਾ ਹੈ। ਇੰਝ ਪਹਿਲਵਾਨਾਂ ਦੀ ਕੁਸ਼ਤੀ ਕਰਵਾਈ ਗਈ, ਅਖਾੜੇ ਬਣਾਏ ਗਏ, ਸ਼ਸਤਰ ਵਿਦਿਆ ਸਿਖਾਈ ਗਈ। ਸਭ ਤੋਂ ਪਹਿਲੀ ਲੜਾਈ ਸ੍ਰੀ ਹਰਿਗੋਬਿੰਦਪੁਰ (ਗੁਰਦਾਸਪੁਰ) ਵਿਖੇ ਲੜੀ ਗਈ। ਜਿਸ ਨਗਰ ਵਿੱਚ ਸਾਡਾ ਜਨਮ ਹੋਇਆ ਹੈ ਉੱਥੇ ਐੱਸ. ਕੇ. ਡੀ. ਖਾਲਸਾ ਹਾਈ ਸਕੂਲ ਤੁਗਲਵਾਲਾ ਅਰਥਾਤ ਸ੍ਰੀ ਖੜਗ ਧਾਰੀ ਖਾਲਸਾ ਹਾਈ ਸਕੂਲ ਹੈ। ਕਿਉਂਕਿ ਉਸ ਇਲਾਕੇ ਵਿੱਚ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਖੜਗ ਦੀ ਅਰਥਾਤ ਤਲਵਾਰ ਦੀ ਸਿੱਖਿਆ ਦਿੱਤੀ ਸੀ। ਹਜ਼ੂਰ ਨੇ ਗੋਰੀਲਾ ਜੰਗ ਦੇ ਤਰੀਕੇ ਨਾਲ ਉਥੇ ਦਰਿਆ ਪਾਰ ਕਰਕੇ ਦੁਆਬੇ ਵਿੱਚ ਇਹ ਲੜਾਈ ਲੜੀ।

ਰਿਆੜਕੀ ਦੇ ਬਾਰਾਂ ਪਿੰਡ ਹਨ ਜੋ ਕਿ ਭਾਈ ਰਿਆੜਾ ਜੀ ਦੇ ਬਾਰਾਂ ਪੁੱਤਰਾਂ ਨਾਲ ਸੰਬੰਧਿਤ ਹਨ। ਕਰਤਾਰਪੁਰ ਦੀ ਜੰਗ ਵਿਚ ਜਦੋਂ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੂੰ ਮੁਗਲਾਂ ਨੇ ਘੇਰਾ ਪਾ ਲਿਆ ਤਾਂ ਹਜ਼ੂਰ ਦੇ ਰਥ ਦਾ ਧੁਰਾ ਟੁੱਟ ਗਿਆ। ਉਸ ਵਕਤ ਲੱਕੜ ਦਾ ਧੁਰਾ ਹੁੰਦਾ ਸੀ। ਭਾਈ ਰਿਆੜਾ ਜੀ ਨੇ ਉਸ ਧੁਰੇ ਦੀ ਥਾਂ ਆਪਣੀ ਬਾਂਹ ਪਾ ਕੇ ਮਹਾਰਾਜ ਛੇਵੇਂ ਪਾਤਿਸ਼ਾਹ ਜੀ ਨੂੰ ਜੰਗ ਦੇ ਮੈਦਾਨ ਵਿਚੋਂ ਸੁਰੱਖਿਅਤ ਬਾਹਰ ਲੈ ਆਂਦਾ। ਜਦੋਂ ਹਜ਼ੂਰ ਨੇ ਭਾਈ ਰਿਆੜਾ ਜੀ ਵੱਲ ਦੇਖਿਆ ਤਾਂ ਕਹਿਣ ਲੱਗੇ ਪੁੱਤਰ! ਤੇਰੀ ਬਾਂਹ ਛਿੱਲੀ ਗਈ ਹੈ। ਭਾਈ ਰਿਆੜਾ ਕਹਿਣ ਲੱਗਾ ਹਜ਼ੂਰ! ਸਾਨੂੰ ਤੁਹਾਡੀ ਜਿੰਦਗੀ ਦੀ ਲੋੜ ਸੀ ਹੈ। ਇਸ ਕਰਕੇ ਇਹੋ ਜਿਹੀਆਂ ਲੱਖਾਂ ਬਾਹਵਾਂ ਤੁਹਾਡੇ ਤੋਂ ਕੁਰਬਾਨ ਕਰ ਦੇਈਏ। ਤਦ ਹਜ਼ੂਰ ਨੇ ਬਚਨ ਛੱਡੇ ਕਿ ਰਿਆੜਾ ਤੂੰ ਰੜੇ ਆਕੀ ਰਹੇਂਗਾ। ਸੋਈ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿਖੇ ਲੜਾਈ ਲੜੀ ਸੀ ਅਤੇ ਦੱਸਿਆ ਕਿ ਜੁਲਮ ਅੱਗੇ ਝੁਕਣਾ ਵੀ ਪਾਪ ਹੈ। ਉਹਨਾਂ ਨੇ ਦੁਆਬੇ ਦੇ ਇਲਾਕੇ ਵਿੱਚ ਕਰਤਾਰਪੁਰ ਤੱਕ ਲੜਾਈਆਂ ਲੜੀਆਂ। ਉਸ ਤੋਂ ਬਾਅਦ ਜਦੋਂ ਫੇਰ ਵੀ ਜੁਲਮ ਨਾ ਘਟਿਆ ਅਤੇ ਹਜ਼ੂਰ ਨੌਂਵੇਂ ਪਾਤਿਸ਼ਾਹ ਜੀ ਦਾ ਦਿੱਲੀ ਵਿਖੇ ਸੀਸ ਉਤਾਰ ਦਿੱਤਾ ਗਿਆ ਜਿੱਥੇ ਅਜਕੱਲ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਸੁਸ਼ੋਭਿਤ ਹੈ। ਉਦੋਂ ਲੜਾਈਆਂ ਤਾਂ ਲੜਦੇ ਸਨ ਅਤੇ ਜਿੰਨੇ ਵੀ ਹਿੰਦੂ ਸਨ ਉਹ ਬੋਦੀ ਰੱਖਦੇ ਸਨ। ਪਰ ਜਦੋਂ ਧਾੜਵੀਆਂ ਅਤੇ ਮੁਗਲਾਂ ਨੇ ਕਾਬਲ, ਕੰਧਾਰ, ਕਸਤੁਨਤੁਨੀਆਂ ਜਾਂ ਅਫ਼ਗਾਨਿਸਤਾਨ ਵੱਲੋਂ ਹਮਲਾ ਕਰਨਾ ਤਾਂ ਹਿੰਦੂਆਂ ਨੇ ਆਪਣੀ ਬੋਦੀ ਕੱਟ ਲੈਣੀ। ਤਦ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਅਸੀਂ ਐਸੀ ਕੌਮ ਦੀ ਸਿਰਜਣਾ ਕਰਾਂਗੇ ਜੋ ਛੁਪਾਇਆ ਵੀ ਨਹੀਂ ਛੁਪੇਗੀ। ਫੇਰ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਅੱਜ ਦੇ ਦਿਹਾੜੇ ਤੇ ਖਾਲਸਾ ਜੀ ਦੀ ਸਿਰਜਣਾ ਕੀਤੀ।

*ਜੋ ਜਨਮੈ ਸੋ ਜਾਨਹੁ ਮੂਆ॥*

*ਗੋਵਿੰਦ ਭਗਤੁ ਅਸਥਿਰੁ ਹੈ ਥੀਆ॥ ੧॥ (ਅੰਗ 375)*

ਇਸ ਦਿਹਾੜੇ ਨੂੰ ਕਈ ਲੋਕ ਖਾਲਸੇ ਦਾ ਜਨਮ ਦਿਨ ਕਹਿ ਕੇ ਪੁਕਾਰਦੇ ਹਨ ਪਰ ਜੋ ਜੰਮਦਾ ਹੈ ਉਹ ਮਰਦਾ ਹੈ। ਇਸ ਕਰਕੇ ਹਜ਼ੂਰ ਨੇ ਖਾਲਸੇ ਦੀ ਸਿਰਜਣਾ ਕੀਤੀ ਸੀ।

*ਇਹ ਕਾਰਨਿ ਪ੍ਰਭ ਮੋਹਿ ਪਠਾਯੋ।*

*ਤਬ ਮੈ ਜਗਤ ਜਨਮ ਧਰਿ ਆਯੋ। (ਚੌਪਈ)*

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਸਾਨੂੰ ਦੁਨੀਆਂ ਵਿੱਚ ਇਸ ਕਰਕੇ ਭੇਜਿਆ ਗਿਆ ਹੈ ਕਿ ਦੁਨੀਆਂ ਵਿੱਚ ਜੋ ਜੁਲਮ ਅਤੇ ਅਨਿਆਂ ਹੋ ਰਿਹਾ ਹੈ ਉਸ ਦੇ ਟਾਕਰੇ ਵਾਸਤੇ ਐਸੀ ਕੌਮ ਦੀ ਸਿਰਜਣਾ ਕਰੋ। ਹਜ਼ੂਰ ਨੇ ਇਸ ਕੌਮ ਵਾਸਤੇ ਪਿਤਾ ਵਾਰਿਆ, ਚਾਰੇ ਲਾਲ ਵਾਰੇ, ਮਾਤਾ ਵਾਰੀ ਅਤੇ ਖੁਦ ਆਪਾ ਵੀ ਵਾਰ ਦਿੱਤਾ। ਲੇਕਿਨ ਇਹ ਫੁਰਮਾਨ ਕੀਤਾ ਕਿ

*ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।*

*ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜਾਰ।*

ਸੋਈ ਉਹ ਅੱਜ ਦਾ ਦਿਹਾੜਾ ਹੈ। ਪਹਿਲਾਂ ਦਰਸ਼ਨਾਂ ਵਾਸਤੇ ਭਗਤੀ ਹੀ ਕੀਤੀ ਜਾਂਦੀ ਸੀ। ਭਗਤੀ ਤੋਂ ਬਾਅਦ ਸ਼ਕਤੀ ਆਈ। ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਮੀਰੀ ਅਤੇ ਪੀਰੀ ਦੀਆਂ ਤਲਵਾਰਾਂ ਪਹਿਨੀਆਂ। ਉਹਨਾਂ ਨੂੰ ਬਾਬਾ ਬੁੱਢਾ ਜੀ ਦਾ ਵਰ ਸੀ ਕਿ ਯੋਧਾ ਹੋਵੇਗਾ, ਸੂਰਬੀਰ ਹੋਵੇਗਾ, ਜੁਲਮ ਦਾ ਨਾਸ਼ ਕਰੇਗਾ। ਉਸ ਤੋਂ ਬਾਅਦ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਖਾਲਸਾ ਜੀ ਦੀ ਸਿਰਜਣਾ ਕੀਤੀ। ਹਜ਼ੂਰ ਨੇ ਦਰਸ਼ਨਾਂ ਦੇ ਨਾਲ ਨਾਲ ਕੁਰਬਾਨੀ ਵੀ ਮੰਗੀ। ਪੰਜ ਸੀਸ ਦਿੱਤੇ ਗਏ ਜੋ ਪੰਜ ਪਿਆਰੇ ਸਾਜੇ ਗਏ।

**ਮਨੁ ਜੀਵੈ ਪ੍ਰਭ ਨਾਮੁ ਚਿਤੇਰੇ॥ ੧॥ ਰਹਾਉ॥**

ਸੱਚੇ ਪਾਤਿਸ਼ਾਹੋ! ਖਾਲਸੇ ਦੀ ਸਿਰਜਣਾ ਹੋ ਗਈ ਹੈ, ਤੁਸੀਂ ਸ਼ਕਤੀ ਵੀ ਦਿੱਤੀ ਹੈ। ਪਰ ਮੇਰੇ ਮਨ ਵਿੱਚ ਨਾਮ ਦੇ ਨਾਲ ਜੁੜੇ ਰਹਿਣ ਦੀ ਇੱਛਾ ਪੈਦਾ ਹੋਵੇ।

**ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ॥**

ਸੱਚੇ ਪਾਤਿਸ਼ਾਹੋ!

*ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ*

*ਕਹੁ ਨਾਨਕ ਪੂਰਾ ਪਾਇਆ॥ ੫॥ (ਅੰਗ 1040)*

ਜੋ ਜੀਵ

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*

*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (ਅੰਗ 1)*

ਦਾ ਜਾਪ (ਸਿਮਰਨ) ਕਰਦੇ ਹਨ ਜਾਂ ਸਾਧੂ ਜੋ ਮੰਤ੍ਰ ਦਿੰਦੇ ਹਨ ਉਹ ਮੰਤ੍ਰ ਅੰਮ੍ਰਿਤ ਬਾਣੀ ਹੁੰਦੀ ਹੈ ਕਿਉਂਕਿ ਉਹ ਸਾਧੂਆਂ ਦੀ ਜ਼ੁਬਾਨ 'ਚੋਂ ਨਿਕਲਿਆ ਹੁੰਦਾ ਹੈ। ਉਹ ਉਪਦੇਸ਼ ਅਸੀਂ ਮਹਿਤਾ ਚੌਂਕ ਵਿਖੇ ਸਪੀਕਰ ਤੇ ਅਨਾਉਂਸ ਕਰ ਦਿੱਤਾ ਸੀ, ਕਿਤਾਬਾਂ ਵਿੱਚ ਛਾਪ ਦਿੱਤਾ ਸੀ। ਪਰ ਉੱਦਾਂ ਸੁਣ ਕੇ ਜਾਂ ਕਿਤਾਬਾਂ ਵਿਚੋਂ ਪੜ੍ਹ ਕੇ ਉਸ ਦਾ ਅਸਰ ਨਹੀਂ ਹੋਣਾ ਕਿਉਂਕਿ

*ਧੰਨ ਧੰਨ ਸਤਿਗੁਰੂ ਹੁਕਮ ਪ੍ਰਤਾਪ।*

ਜਿਸ ਕਿਸੇ ਜੀਵ ਉੱਪਰ ਪੂਰਨ ਸਾਧੂਆਂ ਨੇ ਮੋਹਰ ਲਾਈ ਹੋਵੇ ਕਿ ਤੂੰ ਆਹ ਡਿਊਟੀ ਕਰਨੀ ਹੈ ਉਹਨਾਂ ਕੋਲੋਂ ਉਪਦੇਸ਼ ਲੈਣ ਨਾਲ ਜੋ ਬਖਸ਼ਿਸ਼ ਹੁੰਦੀ ਹੈ ਉਹ ਆਮ ਜੀਵ ਦੇ ਬੋਲਣ ਨਾਲ ਨਹੀਂ ਹੁੰਦੀ।

**ਸੀਤਲ ਪੁਰਖ ਦ੍ਰਿਸਟਿ ਸੁਜਾਣੀ॥ ੨॥**

ਉਹਨਾਂ ਦੀ ਆਤਮਾ ਸ਼ੀਤਲ ਹੋਈ ਹੁੰਦੀ ਹੈ। ਉਹ ਦ੍ਰਿਸ਼ਟੀ ਪਾ ਕੇ ਹੀ ਜੀਵ ਦਾ ਅਧਾਰ ਕਰ ਦਿੰਦੇ ਹਨ। ਗੁਰਬਾਣੀ ਵਿੱਚ ਦਰਜ ਹੈ ਕਿ

*ਨਾਨਕ ਨਦਰੀ ਨਦਰਿ ਨਿਹਾਲ॥ ੩੮॥ (ਅੰਗ 8)*

ਜਦੋਂ ਸੰਤ ਜੀਵ ਉੱਪਰ ਰਹਿਮਤ ਦੀ ਦ੍ਰਿਸ਼ਟੀ ਪਾਉਂਦੇ ਹਨ ਉਸ ਨਾਲ ਬਖਸ਼ਿਸ਼ ਹੁੰਦੀ ਹੈ।

**ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ॥**

ਜਿਸ ਤਰ੍ਹਾਂ ਬਾਦਸ਼ਾਹ ਦੇ ਤਖਤ ਦਾ ਹੁਕਮ ਬਹੁਤ ਜਾਹਰਾ ਹੁੰਦਾ ਹੈ ਅਤੇ ਉਸ ਦੀ ਕੋਈ ਅਦੂਲੀ ਨਹੀਂ ਕਰ ਸਕਦਾ। ਇਸ ਤਰ੍ਹਾਂ

*ਛਲ ਬਪੁਰੀ ਇਹ ਕਉਲਾ ਡਰਪੈ*

*ਅਤਿ ਡਰਪੈ ਧਰਮ ਰਾਇਆ॥ ੩॥ (ਅੰਗ 999)*

ਧਰਮਰਾਜ ਵੀ ਉਹਨਾਂ ਦੇ ਬਚਨਾਂ ਦੇ ਅੱਗੇ ਥਰੀਅਲ-ਥਰੀਅਲ ਕੰਬਦਾ ਹੈ।

**ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ॥ ੩॥**

ਦੁਨਿਆਵੀ ਤੌਰ ਤੇ ਜਿਸ ਤਰ੍ਹਾਂ ਪ੍ਰਾਈਮ ਮਨਿਸਟਰ ਬਦਲੀ ਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਉਹ ਤਾਕਤ ਕਦੇ ਬਦਲੀ ਨਹੀਂ ਹੁੰਦੀ। ਇੱਕ ਵਾਰ ਜੋ ਥਾਪਿਆ ਗਿਆ ਉਹ ਸਦੀਵੀ ਰਹਿੰਦਾ ਹੈ

*ਕੋਊ ਹਰਿ ਸਮਾਨਿ ਨਹੀ ਰਾਜਾ॥*

*ਏ ਭੂਪਤਿ ਸਭ ਦਿਵਸ ਚਾਰਿ ਕੇ*

*ਝੂਠੇ ਕਰਤ ਦਿਵਾਜਾ॥ ੧॥ (ਅੰਗ 856)*

ਪ੍ਰਾਈਮ ਮਨਿਸਟਰ ਪੱਕੇ ਨਹੀਂ ਬੈਠੇ ਰਹਿੰਦੇ। ਪਰ ਉਹ ਤਾਕਤ ਆਦਿ ਜੁਗਾਦਿ ਤੱਕ ਸਥਿਰ ਰਹਿੰਦੀ ਹੈ।

*ਆਦਿ ਸਚੁ ਜੁਗਾਦਿ ਸਚੁ॥*

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥ (ਅੰਗ 1)*

**ਤੁਮ ਮਿਹਰਵਾਨ ਦਾਸ ਹਮ ਦੀਨਾ॥**

ਸੱਚੇ ਪਾਤਿਸ਼ਾਹੋ! ਅਸੀਂ ਬਹੁਤ ਗਰੀਬ ਹਾਂ, ਭਿਖਾਰੀ ਹਾਂ, ਦੀਨ ਹਾਂ। ਤੁਸੀਂ ਦਾਤੇ ਹੋ ਤੁਹਾਡੇ ਅਤੇ ਸਾਡੇ ਵਿੱਚ ਬਹੁਤ ਵੱਡਾ ਅੰਤਰ ਹੈ।

**ਨਾਨਕ ਸਾਹਿਬੁ ਭਰਪੁਰਿ ਲੀਣਾ॥ ੪॥੨॥**

ਸੱਚੇ ਪਾਤਿਸ਼ਾਹੋ! ਤੁਸੀਂ ਸਾਡੇ ਸਾਹਿਬ ਹੋ, ਦਾਤੇ ਹੋ। ਤੁਸੀਂ ਜਿਸ ਦੇ ਮਰਜੀ ਖਾਲੀ ਘੜੇ ਭਰ ਸਕਦੇ ਹੋ, ਖਾਲੀ ਝੋਲੀਆਂ ਨੂੰ ਭਰ ਸਕਦੇ ਹੋ ਇਹ ਤੁਹਾਡੀ ਵਡਿਆਈ ਹੈ।

ਹਜ਼ੂਰ ਕਿਰਪਾ ਕਰਨ। ਅਸੀਂ ਸਿੱਖੀ ਦੀ ਧਾਰਨਾ ਵਿੱਚ ਵੀ ਆਈਏ ਅਤੇ ਗੁਰਬਾਣੀ ਦਾ ਜਾਪ ਵੀ ਕਰੀਏ। ਇਹ ਦੋਵੇਂ ਕੰਮ ਕਰੀਏ ਤਾਂਕਿ ਸਾਡੇ ਲੋਕ ਅਤੇ ਪ੍ਰਲੋਕ ਸੁਆਰੇ ਜਾਣ।

ਸੋਈ ਜਿਸ ਸ਼ੁਭ ਭਾਵਨਾ ਨੂੰ ਮੁੱਖ ਰੱਖ ਕੇ ਦੇਸ਼ ਵਿਦੇਸ਼ ਦੀ ਸੰਗਤ ਨੇ ਅਖੰਡ ਪਾਠ ਕਰਵਾ ਕੇ ਸਤਿਸੰਗ ਕਰਵਾਇਆ ਹੈ ਹਜ਼ੂਰ ਸਭ ਦੀਆਂ ਸ਼ੁਭ ਭਾਵਨਾਵਾਂ ਪੂਰੀਆਂ ਕਰਕੇ ਖੁਸ਼ੀਆਂ ਖੇੜੇ ਬਖਸ਼ਣ ਅਤੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਫੇਰ ਆਈ ਸਾਰੀ ਸੰਗਤ ਨੂੰ, ਦੇਸ਼ ਵਿਦੇਸ਼ ਦੀ ਸੰਗਤ ਨੂੰ ਖਾਲਸਾ ਜੀ ਦੇ 320ਵੇਂ ਸਿਰਜਣਾ ਦਿਵਸ ਦੀ ਲੱਖ ਲੱਖ ਵਧਾਈ ਹੋਵੇ।

# ਸਤਿਸੰਗ

**ਸਲੋਕੁ ਮਃ ੩ ॥ (ਅੰਗ 314)**

**ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ ॥**

ਬਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੁ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਫੁਰਮਾਨ ਕਰ ਰਹੇ ਹਨ ਕਿ ਅਗਰ ਜੀਵ ਕਿਸੇ ਸਾਧੂ ਦੀ ਵੀ ਸੰਗਤ ਕਰਦਾ ਹੈ ਅਤੇ ਉਸ ਉੱਪਰ ਬਖਸ਼ਿਸ਼ ਹੋਈ ਹੈ ਤਾਂ ਉਹ ਬੁਲੰਦ ਅਵਾਜ ਨਾਲ ਕਹੇ ਕਿ ਮੈਂ ਫਲਾਣੇ ਥਾਂ ਤੇ ਜਾ ਕੇ ਗੁਰਬਾਣੀ ਦਾ ਯਸ਼ ਸੁਣਦਾ ਸੀ ਤਦ ਮੇਰੇ ਉੱਪਰ ਬਖਸ਼ਿਸ਼ ਹੋਈ ਹੈ। ਉਂਞ ਸਮਾਜਿਕ ਜਾਂ ਆਰਥਿਕ ਤੌਰ ’ਤੇ ਜਾਂ ਸ਼ੁਹਰਤ ਵੱਲੋਂ ਮੇਰੀ ਕੋਈ ਹੋਂਦ ਨਹੀਂ ਸੀ।

ਜਿਸ ਤਰ੍ਹਾਂ ਅਸੀਂ ਇੱਕ ਇੱਕ ਸਕਿੰਟ ਦੇ ਨਾਲ ਆਪਣੇ ਧਿਆਨਪੁਰ ਵਾਲੇ ਸੰਤਾਂ ਨੂੰ ਯਾਦ ਕਰਦੇ ਹਾਂ। ਹੁਣ ਇੱਥੇ ਐਨੀ ਸੰਗਤ ਆਉਂਦੀ ਹੈ, ਸੇਵਾ ਦਿੰਦੀ ਹੈ ਅਤੇ ਸੇਵਾ ਕਰਦੀ ਹੈ ਪਰ ਸਾਡੇ ਹਜ਼ੂਰ ਕੋਲ ਇੱਕ ਝੁੱਗੀ ਹੀ ਸੀ। ਜੇ ਅਸੀਂ ਇੱਥੋਂ ਦਾ ਸਭ ਕੁਝ ਦੇਖ ਕੇ ਵਡਿਆਈ ਵਿੱਚ ਆ ਜਾਈਏ ਕਿ ਅਸੀਂ ਕੋਈ ਅਕਲ ਵਰਤੀ ਹੈ ਤਦ ਇਹ ਸਭ ਕੁਝ ਮਿਲਿਆ ਹੈ ਅਤੇ ਅਸੀਂ ਐਸਾ ਸੋਚੀਏ ਫੇਰ ਸਾਡੀ ਕੋਈ ਥਾਂ ਨਹੀਂ ਰਹਿਣੀ।

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਦੋਂ ਜੀਵ ਆਪਣੇ ਆਪ ਨੂੰ ਕੁਝ ਸਮਝ ਕੇ ਆਪਣੇ ਸਤਿਗੁਰ ਦੀ ਬਖਸ਼ਿਸ਼ ਨੂੰ ਗੋਪ ਅਰਥਾਤ ਲੁਕਾ ਲੈਂਦਾ ਹੈ ਉਸ ਨੂੰ ਫੇਰ ਕੋਈ ਟਿਕਾਣਾ ਨਹੀਂ ਮਿਲਦਾ। ਉਸ ਦਾ ਕਾਰਜ ਕਦੇ ਵੀ ਰਾਸ ਨਹੀਂ ਆਉਂਦਾ। ਤੁਸੀਂ ਬੇਸ਼ੱਕ ਇੱਥੇ ਆਉਣਾ ਬੰਦ ਕਰ ਦੇਵੋ, ਪਰ ਜੇਕਰ ਇੱਥੇ ਆ ਕੇ ਬਖਸ਼ਿਸ਼ ਹੋਵੇ ਤਦ ਤੁਸੀਂ ਲੁਕਾਇਓ ਨਾ ਕਿ ਅਸੀਂ ਉਥੇ ਜਾ ਕੇ ਗੁਰਬਾਣੀ ਸੁਣਦੇ ਹਾਂ ਤਦ ਸਾਡੇ ਉੱਪਰ ਬਖਸ਼ਿਸ਼ ਹੋਈ ਹੈ। ਅਸੀਂ ਤਾਂ ਆਪਣੇ ਬਾਰੇ ਸਭ ਕੁਝ ਦੱਸਦੇ ਰਹਿੰਦੇ ਹਾਂ ਕਿ ਸਾਡੇ ਕੋਲ ਫੀਸ ਦੇਣ ਜੋਗੇ ਪੰਜ ਪੈਸੇ ਨਹੀਂ ਸੀ, ਸਾਡੇ ਕੋਲ ਪਸ਼ੂਆਂ ਵਾਸਤੇ ਕੱਚੀ ਖੁਰਲੀ ਹੁੰਦੀ ਸੀ ਪਰ ਸਾਡੇ ਹਜ਼ੂਰ ਨੇ ਸਭ ਕੁਝ ਬਖਸ਼ਿਆ ਹੈ।

**ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ॥**

ਜਿਹੜਾ ਜੀਵ ਆਪਣੇ ਸਤਿਗੁਰ ਨੂੰ ਛੁਪਾਉਂਦਾ ਹੈ ਉਸ ਜੀਵ ਦਾ ਹਲਤ ਅਤੇ ਪਲਤ ਦੋਹੀਂ ਜਹਾਨੀ ਸਭ ਕੁਝ ਵਿਗੜ ਜਾਂਦਾ ਹੈ। ਜੋ ਬਣੀ ਬਣਾਈ ਚੀਜ਼ ਹੁੰਦੀ ਹੈ ਉਹ ਵੀ ਖਤਮ ਹੋ ਜਾਂਦੀ ਹੈ। ਜੋ ਪ੍ਰਾਪਤ ਹੋਇਆ ਹੁੰਦਾ ਹੈ ਉਹ ਵੀ ਜਾਂਦਾ ਰਹਿੰਦਾ ਹੈ। ਇੱਥੇ ਦੁਨੀਆਂ ਵਿੱਚ ਤਾਂ ਕੀ ਮਰਨ ਤੋਂ ਬਾਅਦ ਦਰਗਾਹ ਵਿੱਚ ਵੀ ਢੋਈ ਨਹੀਂ ਮਿਲਦੀ। ਇਹ ਕਿੰਨੀ ਵੱਡੀ ਗੱਲ ਹੈ ਕਿਤੇ ਭੁੱਲ ਕੇ ਵੀ ਮਨ ਵਿੱਚ ਇਹ ਨਾ ਆ ਜਾਵੇ ਕਿ ਗੁਰਬਾਣੀ ਦੀ ਅਤੇ ਸੰਤਾਂ ਦੀ ਸੰਗਤ ਕਰਨ ਤੋਂ ਬਗੈਰ, ਕਥਾ ਕੀਰਤਨ ਸੁਣਨ ਤੋਂ ਬਗੈਰ ਮੇਰੇ ਉੱਪਰ ਬਖਸ਼ਿਸ਼ ਹੋਈ ਹੈ। ਸੰਗਤ ਦੇ ਜਿੰਨੇ ਵੀ ਜੀਵ ਮਾਰ ਖਾਂਦੇ ਹਨ ਉਹ ਇਸੇ ਕਰਕੇ ਮਾਰ ਖਾਂਦੇ ਹਨ ਕਿ ਹੁਣ ਸਾਡਾ ਕੰਮ ਹੋ ਗਿਆ ਹੈ ਹੁਣ ਉਥੇ ਜਾਣ ਦੀ ਕੀ ਲੋੜ ਹੈ।

*ਵਕਤ ਨਿਕਲ ਗਿਆ ਹੈ ਤੋ ਪਹਿਚਾਨਤੇ ਨਹੀਂ।*
*ਐਸੇ ਜਾ ਰਹੇ ਹੈਂ ਜੈਸੇ ਜਾਨਤੇ ਹੀ ਨਹੀਂ।*

ਸਤਿਗੁਰ ਦੇ ਕੈਮਰੇ ਬਹੁਤ ਵੱਡੇ ਹਨ। ਉਹ ਇੱਕ ਇੱਕ ਸਕਿੰਟ ਦਾ ਧਿਆਨ ਰੱਖਦੇ ਹਨ ਕਿ ਜੀਵ ਕੀ ਕਰ ਰਿਹਾ ਹੈ।

**ਓਹ ਵੇਲਾ ਹਥਿ ਨ ਆਵਈ**
**ਫਿਰਿ ਸਤਿਗੁਰ ਲਗਹਿ ਪਾਇ ॥**

ਸਾਡੇ ਧਿਆਨਪੁਰ ਵਾਲੇ ਸੰਤਾਂ ਕੋਲ ਹੁਸ਼ਿਆਰਪੁਰ ਤੋਂ ਇੱਕ ਜੀਵ ਆਉਂਦਾ ਸੀ। ਉਸ ਦੀ ਸਬਜੀ ਦੀ ਦੁਕਾਨ ਸੀ। ਉਸ ਤੋਂ ਵਧਦੇ ਵਧਦੇ ਉਸ ਦੇ ਸ਼ੈਲੱਰ ਚੱਲ ਪਏ। ਉਸ ਦੇ ਸ਼ੈਲਰਾਂ ਤੋਂ ਆਮਦਨ ਬਹੁਤ ਸੀ ਉਸ ਕੋਲ ਕਾਫ਼ੀ ਪੈਸੇ ਹੋ ਗਏ। ਉਸ ਨੇ ਹਜ਼ੂਰ ਦੇ ਦਰਬਾਰ ਭੰਡਾਰੇ ਤੇ ਜਾਣਾ ਸੀ। ਉਹ ਅੰਮ੍ਰਿਤਸਰ ਵਿਖੇ ਗਰੀਨ ਹੋਟਲ ਵਿੱਚ ਠਹਿਰ ਗਿਆ। ਉਸ ਨੂੰ ਜਦੋਂ ਮੁਰਗਿਆਂ ਦੇ ਮੀਟ ਦੀ ਵਾਸ਼ਨਾ ਆਈ ਤਾਂ ਉਸ ਨੇ ਸੋਚਿਆ ਕਿ ਮੀਟ ਖਾ ਲੈਂਦਾ ਹਾਂ ਧਿਆਨਪੁਰ ਹਜ਼ੂਰ ਕੋਲੋਂ ਜਾ ਕੇ ਮਾਫ਼ੀ ਮੰਗ ਲਵਾਂਗਾ। ਹੋਟਲ ਵਾਲਿਆਂ ਨੇ ਪੁੱਛਿਆ ਕੀ ਤੁਸੀਂ ਪੈੱਗ ਲਾਵੋਗੇ? ਉਸ ਨੇ ਸੋਚਿਆ ਕਿ ਮੀਟ ਦੀ ਮਾਫ਼ੀ ਮੰਗਣੀ ਹੈ ਨਾਲ ਸ਼ਰਾਬ ਦੀ ਵੀ ਮੰਗ ਲਵਾਂਗੇ। ਉਸ ਨੇ ਪੈੱਗ ਵੀ ਲਾ

ਲਿਆ। ਉਹ ਹੁਸ਼ਿਆਰਪੁਰ ਤੋਂ ਭੰਡਾਰੇ ਤੋਂ ਦੋ ਦਿਨ ਪਹਿਲਾਂ ਸੇਵਾ ਕਰਨ ਵਾਸਤੇ ਤੁਰਿਆ ਸੀ। ਇੰਝ ਉਸ ਨੇ ਦੋ ਦਿਨ ਉਥੇ ਹੀ ਬਿਤਾ ਲਏ। ਜਦੋਂ ਉਸ ਨੇ ਡੇਰੇ ਪਹੁੰਚ ਕੇ ਹਜ਼ੂਰ ਨੂੰ ਮੱਥਾ ਟੇਕਿਆ ਤਾਂ ਹਜ਼ੂਰ ਕਹਿਣ ਲੱਗੇ ਪੁੱਤਰ! ਤੂੰ ਤਾਂ ਹੁਸ਼ਿਆਰਪੁਰ ਤੋਂ ਦੋ ਤਿੰਨ ਦਿਨ ਪਹਿਲਾਂ ਦਾ ਤੁਰਿਆ ਹੋਇਆ ਸੀ ਫੇਰ ਕਿੱਥੇ ਚਲਾ ਗਿਆ? ਉਸ ਨੇ ਸੋਚਿਆ ਕਿ ਪਰਿਵਾਰ ਨੇ ਫੋਨ 'ਤੇ ਦੱਸ ਦਿੱਤਾ ਹੋਣਾ ਏਂ। ਉਹ ਕਹਿਣ ਲੱਗਾ ਮੈਂ ਅੰਮ੍ਰਿਤਸਰ ਚਲਾ ਗਿਆ ਸੀ ਅਤੇ ਉੱਥੇ ਗਰੀਨ ਹੋਟਲ ਵਿੱਚ ਠਹਿਰਿਆ ਸੀ। ਹਜ਼ੂਰ ਕਹਿਣ ਲੱਗੇ ਪੁੱਤਰ! ਉਥੇ ਮੁਰਗ ਮੁਸੱਲਮ ਵੀ ਖਾਧਾ ਹੋਣਾ ਏਂ? ਉਹ ਕਹਿਣ ਲੱਗਾ ਹਾਂ ਜੀ, ਮੈਂ ਪੈੱਗ ਵੀ ਲਾ ਲਿਆ ਸੀ। ਮੈਂ ਸੋਚਿਆ ਕਿ ਹਜ਼ੂਰ ਕੋਲੋਂ ਜਾ ਕੇ ਮਾਫ਼ੀ ਮੰਗ ਲਵਾਂਗੇ ਪਰ ਤੁਸੀਂ ਪਹਿਲਾਂ ਹੀ ਪੁੱਛ ਲਿਆ ਹੈ। ਉਹ ਤਾਂ

*ਘਟ ਘਟ ਕੇ ਅੰਤਰ ਕੀ ਜਾਨਤ।*

*ਭਲੇ ਬੁਰੇ ਕੀ ਪੀਰ ਪਛਾਨਤ।*

ਹਜ਼ੂਰ ਪੁੱਛਣ ਲੱਗੇ ਪੁੱਤਰ! ਤੂੰ ਉਥੇ ਕਿਉਂ ਰਿਹਾ? ਸਾਡੇ ਹਜ਼ੂਰ ਦੇ ਦਰਬਾਰ ਵਿੱਚ ਝੁੱਗੀ ਹੁੰਦੀ ਸੀ ਅਤੇ ਥੱਲੇ ਹੀ ਸੌਵੀਂਦਾ ਸੀ। ਉਹ ਕਹਿਣ ਲੱਗਾ ਹਜ਼ੂਰ! ਮੈਂ ਸੋਚਿਆ ਇੱਥੇ ਭੁੰਜੇ ਸੌਣਾ ਪੈਣਾ ਹੈ ਅਜੇ ਭੰਡਾਰੇ ਵਿਚ ਦੋ ਦਿਨ ਰਹਿੰਦੇ ਹਨ ਅਤੇ ਹਜ਼ੂਰ ਦੀ ਬਖਸ਼ੀ ਹੋਈ ਮਾਇਆ ਵੀ ਬਹੁਤ ਹੈ ਇਸ ਕਰਕੇ ਹੋਟਲ ਵਿੱਚ ਅਰਾਮ ਕਰ ਲੈਂਦੇ ਹਾਂ। ਹਜ਼ੂਰ ਕਹਿਣ ਲੱਗੇ ਪੁੱਤਰ! ਪਹਿਲਾ ਕੰਮ ਠੀਕ ਨਹੀਂ ਸੀ ਜਦੋਂ ਤੂੰ ਸਬਜ਼ੀ ਦੀ ਰੇਹੜੀ ਲਾ ਕੇ ਸੋਚਦਾ ਸੀ ਕਿ ਸਾਰੀ ਸਬਜੀ ਵਿਕ ਜਾਵੇ?

ਕੁਦਰਤ ਦੀ ਐਸੀ ਕਰਨੀ ਹੋਈ ਕਿ ਹੁਸ਼ਿਆਰਪੁਰ ਵਿਖੇ ਕੋਈ ਕਤਲ ਹੋ ਗਿਆ ਸੀ। ਉਹ ਕਤਲ ਕਿਸੇ ਹੋਰ ਨੇ ਕੀਤਾ ਸੀ ਅਤੇ ਇਹਨਾਂ ਪਿਉ-ਪੁੱਤਰ ਉੱਪਰ ਪੈ ਗਿਆ। ਦੋਵਾਂ ਨੂੰ ਸਜਾ ਹੋ ਗਈ। ਫੇਰ ਉਥੇ ਤਰਲੇ ਪਾਵੇ ਕਿ ਸੱਚੇ ਪਾਤਿਸ਼ਾਹੋ! ਕਿਸੇ ਗੁਰੂ ਪਿਆਰੇ ਨੂੰ ਮੁਲਾਕਾਤ ਵਾਸਤੇ ਭੇਜੋ ਜਾਂ ਕੋਈ ਮੇਰੀ ਜਮਾਨਤ ਕਰਾ ਦੇਵੇ। ਉਸ ਦੇ ਸਭ ਸ਼ੈਲਰ ਵਗੈਰਾ ਵਿਕ ਗਏ। ਉਸ ਨੇ ਬਹੁਤ ਤਰਲੇ ਪਾਏ। ਉਸ ਦੀ ਘਰਵਾਲੀ ਵੀ ਹਜ਼ੂਰ ਕੋਲ ਆ ਕੇ ਬਹੁਤ ਰੋਈ। ਅਖੀਰ ਮਾਲਿਕ ਨੇ ਬਖਸ਼ਿਸ਼ ਕੀਤੀ ਅਤੇ ਉਸ ਦੀ ਜਮਾਨਤ ਹੋ ਗਈ। ਜਦੋਂ ਹਜ਼ੂਰ ਕੋਲ ਜਾ ਕੇ ਮੱਥਾ ਟੇਕਿਆ ਤਾਂ ਹਜ਼ੂਰ ਕਹਿਣ ਲੱਗੇ ਕਿਉਂ ਭਈ! ਹੁਣ ਠੀਕ ਏਂ? ਤੇਰੇ ਕੋਲ ਸਿਰਫ਼ ਰੇਹੜੀ ਹੀ ਰਹਿ ਗਈ ਹੈ। ਜਦੋਂ ਦੋ ਚਾਰ ਵਾਰ ਹਜ਼ੂਰ ਕੋਲ ਜਾ ਕੇ ਬੇਨਤੀਆਂ ਕੀਤੀਆਂ ਤਾਂ ਇੱਕ ਦਿਨ ਹਜ਼ੂਰ ਨੇ ਉਸ ਨੂੰ ਦੋ ਰੁਪਏ ਦੇ ਕੇ ਕਿਹਾ ਆਹ ਦੋ ਰੁਪਈਏ ਲੈ ਲੈ ਅਤੇ ਜਲੰਧਰੋਂ ਜਾ ਕੇ ਮੂਲੀਆਂ ਲੈ ਲਵੀਂ। ਇਹ ਬਹੁਤ ਪੁਰਾਣੀ 1967-68 ਦੀ ਗੱਲ ਹੈ ਉਦੋਂ ਸਸਤਾ ਸਮਾਂ ਸੀ। ਉਹ ਮੂਲੀਆਂ ਲੈ ਗਿਆ। ਉਸ ਦਿਨ ਹੁਸ਼ਿਆਰਪੁਰ ਮੰਡੀ ਵਿੱਚ ਮੂਲੀਆਂ ਨਾ ਆਈਆਂ ਅਤੇ ਮੂਲੀਆਂ ਦੀ ਕਿੱਲਤ ਪੈ ਗਈ। ਉਸ ਨੂੰ ਮੂਲੀਆਂ ਤੋਂ ਬਹੁਤ ਫਾਇਦਾ ਹੋਇਆ ਇੰਝ ਕਰਦਿਆਂ ਕਰਦਿਆਂ ਉਸ ਉੱਪਰ ਮਾਲਿਕ ਦੀ ਫੇਰ ਤੋਂ ਬਖਸ਼ਿਸ਼ ਹੋ ਗਈ। ਸੋਈ ਜਦੋਂ ਜੀਵ ਭੁੱਲ ਜਾਂਦਾ ਹੈ ਉਸ ਦੀਆਂ ਬਹੁਤ ਚੀਕਾਂ ਨਿਕਲਦੀਆਂ ਹਨ। ਫੇਰ ਵੇਲਾ ਲੰਘ ਜਾਂਦਾ ਹੈ। ਪਰ ਉਹ ਫੇਰ ਵੀ ਮਾਲਿਕ ਦਾ ਦਰਬਾਰ ਨਾ ਛੱਡੇ ਅਤੇ ਬੇਨਤੀ ਕਰੇ ਕਿ ਸੱਚੇ ਪਾਤਿਸ਼ਾਹੋ! ਅਸੀਂ ਭੁੱਲਣਹਾਰ ਹਾਂ, ਗਲਤੀ ਹੋ ਗਈ ਹੈ ਹੁਣ ਸਾਨੂੰ ਬਖਸ਼ੋ, ਮਾਫ਼ ਕਰੋ।

**ਸਤਿਗੁਰ ਕੀ ਗਣਤੈ ਘੁਸੀਐ ਦੁਖੇ ਦੁਖਿ ਵਿਹਾਇ॥**

ਜਦੋਂ ਜੀਵ ਕਿਸੇ ਜਗ੍ਹਾ ਨੂੰ ਭੁੱਲ ਕੇ ਭਟਕ ਜਾਂਦਾ ਹੈ ਫੇਰ ਉਸ ਨੂੰ ਸੁਪਨੇ ਵਿੱਚ ਵੀ ਸੁਖ ਨਹੀਂ ਮਿਲਦਾ। ਹਰ ਪਾਸੇ ਹੀ ਦੁੱਖ, ਬਿਮਾਰੀਆਂ, ਤਕਲੀਫ਼ਾਂ ਅਤੇ ਸੰਕਟ ਹੀ ਮਿਲਦੇ ਹਨ।

**ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ॥**

ਪਰ ਉਹ ਸੰਪੂਰਨ ਤਾਕਤ ਨਿਰਵੈਰ ਹੈ। ਉਹ ਆਪਣੇ ਦਿਲ ਵਿੱਚ ਕੋਈ ਵੈਰ ਨਹੀਂ ਰੱਖਦੀ। ਉਹ ਕਦੇ ਵੀ ਸਦਾ ਵਾਸਤੇ ਮਨ ਵਿੱਚ ਈਰਖਾ ਨਹੀਂ ਰੱਖਦੀ। ਫੇਰ ਵੀ ਉਹਨਾਂ ਨੂੰ ਤਰਸ ਆ ਜਾਵੇ ਅਤੇ ਉਹ ਬਖਸ਼ਿਸ਼ ਅਤੇ ਰਹਿਮਤ ਕਰ ਦੇਣ ਅਤੇ ਕਹਿ ਦੇਣ ਕਿ ਪੁੱਤਰ! ਤੈਨੂੰ ਮਾਫ਼ ਕੀਤਾ ਤਾਂ ਫੇਰ ਕੀ ਹੁੰਦਾ ਹੈ ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ਣ।

**ਨਾਨਕ ਦਰਸਨੁ ਜਿਨਾ ਵੇਖਾਲਿਓਨੁ**

**ਤਿਨਾ ਦਰਗਹ ਲਏ ਛਡਾਇ॥੧॥**

ਫੇਰ ਹਜ਼ੂਰ ਆਪਣੇ ਦਰਸ਼ਨ ਬਖਸ਼ ਕੇ ਜੀਵ ਦੀ ਦਰਗਾਹ 'ਚੋਂ ਖਲਾਸੀ ਕਰਵਾ ਦਿੰਦੇ ਹਨ, ਮਾਫ਼ ਕਰਵਾ ਦਿੰਦੇ ਹਨ। ਕਿਉਂਕਿ ਐਸੇ ਜੀਵ ਦੀ ਭੁੱਲ ਦਰਗਾਹ ਵਿੱਚ ਨੋਟ ਹੋ ਜਾਂਦੀ ਹੈ। ਉਸ ਨੂੰ ਉਥੋਂ ਵੀ ਮਾਫ਼ੀ ਮਿਲਣੀ ਚਾਹੀਦੀ ਹੈ। ਉਥੋਂ ਭੁੱਲ ਨੂੰ ਕੈਂਸਲ ਜਾਂ ਕੱਟ ਕੇ ਬਖਸ਼ਿਸ਼ ਕਰਨੀ ਬਹੁਤ ਵੱਡੀ ਗੱਲ ਹੈ।

ਕਈ ਵਾਰ ਕਈ ਜੀਵ ਕਹਿੰਦੇ ਹਨ ਕਿ ਅਸੀਂ ਉਪਦੇਸ਼ ਨਹੀਂ ਲਿਆ। ਅਸੀਂ ਕਹਿੰਦੇ ਹਾਂ ਕਿ ਸ਼ੁਕਰ ਹੈ ਉਪਦੇਸ਼ ਨਹੀਂ ਲਿਆ ਤਾਂ ਬਚੇ ਹੋਏ ਹੋ। ਜਿਸ ਨੇ ਉਪਦੇਸ਼ ਲੈ ਲਿਆ ਉਸ ਨੇ ਫਸ ਜਾਣਾ ਹੈ ਉਸ ਤੋਂ ਫੇਰ ਚੀਂ-ਪੈਂ ਨਹੀਂ ਹੋਣੀ। ਬਹੁਤ ਸੋਚ ਸਮਝ ਕੇ ਉਪਦੇਸ਼ ਲਵੋ। ਅਗਰ ਉਪਦੇਸ਼ ਲੈ ਲਿਆ ਫੇਰ ਹਮੇਸ਼ਾਂ ਡਰਦੇ ਰਹੋ।

*ਡਰ ਕਰਨੀ ਡਰ ਕਰਮ ਗਤ ਡਰ ਕਰਨੀ ਡਰ ਸਾਰ।*

*ਡਰਤ ਰਹੇ ਸੋ ਉਭਰੇ ਗਾਫ਼ਲ ਖਾਈ ਮਾਰ।*

ਸੋਈ ਇਹ ਮੱਤ ਬਹੁਤ ਕਸੱਵਟੀ ਵਾਲਾ ਹੈ।

# ਸਤਿਸੰਗ

**॥ ਸਲੋਕ ਮ: ੨ ॥ (ਅੰਗ 791)**

**ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਦੂਸਰੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਜਿਹਨਾਂ ਦਾ ਬਚਪਨ ਦਾ ਨਾਮ ਭਾਈ ਲਹਿਣਾ ਜੀ ਸੀ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਵੀ ਕੋਈ ਕੰਮ ਹੋਣਾ ਤਾਂ ਭਾਈ ਲਹਿਣਾ ਜੀ ਨੂੰ ਅਵਾਜ ਮਾਰਨੀ। ਤਾਂ ਹਜ਼ੂਰ ਦੇ ਘਰੋਂ ਮਾਤਾ ਜੀ ਕਹਿਣ ਲੱਗੇ ਕਿ ਤੁਹਾਡੇ ਦੋ ਪੁੱਤਰ ਸ੍ਰੀ ਚੰਦ ਅਤੇ ਲਖਮੀ ਦਾਸ ਵੀ ਹਨ ਕਦੇ ਉਹਨਾਂ ਨੂੰ ਵੀ ਅਵਾਜ ਦੇ ਲਿਆ ਕਰੋ। ਹਜ਼ੂਰ ਪਹਿਲੇ ਪਾਤਿਸ਼ਾਹ ਜੀ ਕਹਿਣ ਲੱਗੇ ਕਿ ਇਹ ਕਦੇ ਵੀ ਸਤਿਬਚਨ ਨਹੀਂ ਕਹਿੰਦੇ ਹਨ। ਇੱਕ ਦਿਨ ਹਜ਼ੂਰ ਆਪਣੇ ਪੁੱਤਰਾਂ ਨੂੰ ਕਹਿਣ ਲੱਗੇ ਕਿ ਪੁੱਤਰ! ਸੰਗਤ ਭੁੱਖੀ ਹੈ ਤੁਸੀਂ ਕਿੱਕਰਾਂ ਨੂੰ ਹਲੂਣਾ ਦਿਓ ਤਾਂ ਕਿ ਮਠਿਆਈਆਂ ਡਿੱਗਣ ਅਤੇ ਸੰਗਤ ਖਾ ਲਵੇ। ਉਹ ਕਹਿਣ ਲੱਗੇ ਸਾਡੇ ਪਿਓ ਨੂੰ ਸ਼ੁਦਾ ਹੋ ਗਿਆ ਹੈ। ਭਲਾ ਕਦੇ ਕਿੱਕਰਾਂ ਤੋਂ ਵੀ ਮਠਿਆਈਆਂ ਡਿੱਗਦੀਆਂ ਹਨ? ਤਦ ਹਜ਼ੂਰ ਨੇ ਭਾਈ ਲਹਿਣਾ ਜੀ ਨੂੰ ਕਿਹਾ ਤਾਂ ਉਹਨਾਂ ਨੇ ਕਮਰਕੱਸਾ ਕਰਕੇ ਹਲੂਣਾ ਦਿੱਤਾ ਤਾਂ ਮਠਿਆਈਆਂ ਡਿੱਗੀਆਂ। ਫੇਰ ਹਜ਼ੂਰ ਨੇ ਇੱਕ ਦਿਨ ਕਿਹਾ ਕਿ ਪੁੱਤਰ! ਸਾਡੇ ਕੋਲੋਂ ਇੱਕ ਬੰਦਾ ਮਰ ਗਿਆ ਹੈ। ਬਾਬਰ ਕੇ ਬੜੇ ਜਰਵਾਣੇ ਹਨ ਸਾਨੂੰ ਫੜ ਕੇ ਲੈ ਜਾਣਗੇ। ਕਿਉਂ ਨਾ ਆਪਾਂ ਥੋੜ੍ਹਾ ਥੋੜ੍ਹਾ ਕਰਕੇ ਖਾ ਲਈਏ? ਪੁੱਤਰ! ਤੁਸੀਂ ਜਾਇਦਾਦ ਦੇ ਵਾਰਿਸ ਬਣਨਾ ਹੈ ਇਸ ਕਰਕੇ ਪਹਿਲਾਂ ਤੁਸੀਂ ਖਾਣਾ ਸ਼ੁਰੂ ਕਰੋ। ਬਾਬਾ ਸ੍ਰੀ ਚੰਦ ਜੀ ਅਤੇ ਲਖਮੀ ਦਾਸ ਜੀ ਕਹਿਣ ਲੱਗੇ ਪਿਤਾ ਜੀ! ਮਠਿਆਈਆਂ ਅਤੇ ਕੜਾਹ ਪ੍ਰਸ਼ਾਦ ਸੰਗਤ ਖਾਵੇ ਅਤੇ ਮੁਰਦੇ ਅਸੀਂ ਖਾਈਏ? ਉਹ ਦੋਵੇਂ ਬੁੜ ਬੁੜ ਕਰਦੇ ਚਲੇ ਗਏ। ਭਾਈ ਲਹਿਣਾ ਜੀ ਨੂੰ ਕਿਹਾ ਗਿਆ ਤਾਂ ਉਹ ਪੁੱਛਣ ਲੱਗੇ ਹਜ਼ੂਰ! ਮੈਂ ਸਿਰ ਵੱਲੋਂ ਖਾਵਾਂ ਜਾਂ ਪੈਰਾਂ ਵੱਲੋਂ ਖਾਵਾਂ? ਜਦੋਂ ਕੱਪੜਾ ਚੁੱਕ ਕੇ ਦੇਖਿਆ ਤਾਂ ਉਹ ਮਠਿਆਈ ਦਾ ਬੰਦਾ ਬਣਾਇਆ ਹੋਇਆ ਸੀ ਅਸਲੀ ਬੰਦਾ ਨਹੀਂ ਸੀ। ਫੇਰ ਮਾਤਾ ਜੀ ਕਹਿਣ ਲੱਗੇ ਕਿ ਪੁੱਤਰਾਂ ਨੂੰ ਇੱਕ ਮੌਕਾ ਹੋਰ ਬਖਸ਼ੋ। ਕਰਤਾਰਪੁਰ ਵਿਖੇ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਠਾਰਾਂ ਸਾਲ ਦੇ ਕਰੀਬ ਖੇਤੀ ਕੀਤੀ ਸੀ। ਭਾਈ ਲਹਿਣਾ ਜੀ ਨੂੰ ਗੱਦੀ ਵੀ ਉੱਥੇ ਹੀ ਮਿਲੀ ਸੀ ਅਤੇ ਪਹਿਲੇ ਪਾਤਿਸ਼ਾਹ ਨੇ ਚੋਲਾ ਵੀ ਉਥੇ ਹੀ ਛੱਡਿਆ ਸੀ। ਉਥੇ ਬੈਠਿਆਂ-ਬੈਠਿਆਂ ਹਜ਼ੂਰ ਨੇ ਚਿੱਟੀ ਚਾਦਰ ਚਿੱਕੜ ਵਿੱਚ ਸੁੱਟ ਦਿੱਤੀ ਅਤੇ ਪੁੱਤਰਾਂ ਨੂੰ ਕਹਿਣ ਲੱਗੇ ਕਿ ਜਾਓ ਚਿੱਕੜ ਵਿਚੋਂ ਚਾਦਰ ਕੱਢ ਕੇ ਲਿਆਵੋ। ਉਹ ਕਹਿਣ ਲੱਗੇ ਪਿਤਾ ਜੀ! ਆਪਣੇ ਘਰ ਬਹੁਤ ਸਾਰੀਆਂ ਚਾਦਰਾਂ ਪਈਆਂ ਹਨ ਅਗਰ ਹੁਕਮ ਹੋਵੇ ਤਾਂ ਘਰੋਂ ਚਾਦਰ ਲੈ ਆਈਏ। ਜਦੋਂ ਭਾਈ ਲਹਿਣਾ ਜੀ ਨੂੰ ਕਿਹਾ ਤਾਂ ਉਹਨਾਂ ਨੇ ਕੱਪੜਿਆਂ ਸਮੇਤ ਚਿੱਕੜ ਵਿੱਚ ਛਾਲ ਮਾਰ ਕੇ ਚਾਦਰ ਕੱਢ ਕੇ ਲਿਆ ਕੇ ਧੋ ਕੇ ਹਜ਼ੂਰ ਨੂੰ ਦੇਣ ਗਏ। ਜਦੋਂ ਦਰਵਾਜਾ ਖੜਕਾਇਆ ਤਾਂ ਹਜ਼ੂਰ ਪੁੱਛਣ ਲੱਗੇ ਕੌਣ ਹੈ? ਆਪ ਨੇ ਕਿਹਾ ਹਜ਼ੂਰ! ਮੈਨੂੰ ਪਤਾ ਨਹੀਂ ਕਿ ਮੈਂ ਕੌਣ ਹਾਂ। ਜੋ ਕੁਝ ਵੀ ਹਾਂ ਤੁਹਾਡਾ ਹੀ ਹਾਂ। ਹਜ਼ੂਰ ਪੁੱਛਣ ਲੱਗੇ ਦੇਹ ਦਾ ਕੋਈ ਨਾਮ ਹੈ? ਆਪ ਕਹਿਣ ਲੱਗੇ ਹਜ਼ੂਰ! ਲਹਿਣਾ। ਹਜ਼ੂਰ ਨੇ ਦਰਵਾਜਾ ਖੋਲ੍ਹ ਕੇ ਭਾਈ ਲਹਿਣਾ ਜੀ ਦੇ ਪੈਰ ਦੇ ਅੰਗੂਠੇ ਨੂੰ ਹੱਥ ਲਾ ਦਿੱਤਾ। ਸਾਰੇ ਸੰਤ ਬਚਨ ਯਾ ਚਾਦਰ ਦਿੰਦੇ ਹਨ ਕਿ ਸਾਡੇ ਤੋਂ ਬਾਅਦ ਆਹ ਜੀਵ ਸੇਵਾ ਕਰੇਗਾ ਲੇਕਿਨ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅੰਗੂਠੇ ਨੂੰ ਹੱਥ ਲਾ ਕੇ ਕਿਹਾ ਕਿ ਤੇਰਾ ਨਾਮ ਲਹਿਣਾ ਅਤੇ ਅਸੀਂ ਤੇਰਾ ਦੇਣਾ। ਹਜ਼ੂਰ ਨੇ ਉਹਨਾਂ ਦੇ ਅੰਗ ਨੂੰ ਛੁਹਿਆ ਸੀ ਇਸ ਕਰਕੇ ਲਹਿਣਾ ਤੋਂ ਅੰਗਦ ਦੇਵ ਬਣ ਗਏ ਅਤੇ ਬਖਸ਼ਿਸ਼ ਹੋ ਗਈ। ਸਾਨੂੰ ਸਭ ਨੂੰ ਆਪਣੇ ਗੁਰੂਆਂ ਦੇ ਇਤਿਹਾਸ ਦਾ ਪਤਾ ਹੋਣਾ ਚਾਹੀਦਾ ਹੈ ਕਿ ਬਖਸ਼ਿਸ਼ ਕਿਵੇਂ ਹੋਈ ਸੀ। ਭਾਈ ਲਹਿਣਾ ਜੀ ਕਹਿਣ ਲੱਗੇ ਕਿ ਹੇ ਸੱਚੇ ਪਾਤਿਸ਼ਾਹੋ! ਮੈਂ ਅੱਜ ਕੀ ਗੁਨਾਹ ਜਾਂ ਭੁੱਲ ਕੀਤੀ ਸੀ ਜੋ ਅੱਜ ਤੁਸੀਂ ਮੇਰੇ ਨੀਚ ਦੇ ਪੈਰਾਂ ਨੂੰ ਹੱਥ ਲਾਇਆ ਹੈ। ਹਜ਼ੂਰ ਪਹਿਲੇ ਪਾਤਿਸ਼ਾਹ ਜੀ ਕਹਿਣ ਲੱਗੇ ਕਿ ਹੁਣ ਤੇਰੇ ਵਿੱਚ ਗੁਰ ਜੋਤ ਪ੍ਰਵੇਸ਼ ਕਰ ਗਈ ਹੈ। ਅਸੀਂ ਤੇਰੇ ਪੈਰਾਂ ਨੂੰ ਨਹੀਂ ਅਸੀਂ ਤਾਂ ਗੁਰੂ ਦੇ ਪੈਰਾਂ ਨੂੰ ਹੱਥ ਲਾਇਆ ਹੈ। ਤਦ ਭਾਈ ਲਹਿਣਾ ਜੀ ਕਹਿਣ ਲੱਗੇ ਅਗਰ ਇਹ ਗੁਰੂ ਦੇ ਚਰਨ ਹਨ ਤਾਂ ਇਹਨਾਂ ਨੂੰ ਕੋਹੜ ਪੈ ਜਾਵੇ ਤਦ ਉਸ ਅੰਗੂਠੇ ਉੱਪਰ ਕੋਹੜ ਪੈ ਗਿਆ। ਇੱਕ ਵਾਰ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਸੁੱਤੇ ਪਏ ਸਨ ਤਾਂ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਸੇਵਾ ਕਰਦਿਆਂ ਕਰਦਿਆਂ ਉਸ ਅਗੂੰਠੇ ਨੂੰ ਮੂੰਹ ਨਾਲ ਚੱਟਿਆ ਤਾਂ ਕੋਹੜ ਹਟ ਗਿਆ। ਤਦ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਨੇ ਉੱਠ ਕੇ ਦੁਹਾਈ ਪਾ ਦਿੱਤੀ ਓਇ ਮੇਰੇ ਗੁਰੂ ਦਾ ਚੋਰ ਕੌਣ ਹੈ? ਓਇ ਮੇਰੇ ਗੁਰੂ ਦੁਆਰਾ ਬਖਸ਼ੀ ਹੋਈ ਦਾਤ ਕਿਸ ਨੇ ਚੋਰੀ ਕੀਤੀ ਹੈ? ਤਾਂ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਕਹਿਣ ਲੱਗੇ ਕਿ ਹਜ਼ੂਰ! ਤੁਹਾਡੇ ਪੀੜ ਬਹੁਤ ਹੁੰਦੀ ਸੀ ਜੋ ਮੇਰੇ

ਕੋਲੋਂ ਬਰਦਾਸ਼ਤ ਨਹੀਂ ਹੋਈ। ਹਜ਼ੂਰ ਕਹਿਣ ਲੱਗੇ ਉਸ ਨੂੰ ਦੇਖ ਕੇ ਮੈਨੂੰ ਚੇਤਾ ਰਹਿੰਦਾ ਹੈ ਕਿ ਮੇਰੇ ਸਤਿਗੁਰ ਨੇ ਮੇਰੇ ਉੱਪਰ ਇੱਦਾਂ ਬਖਸ਼ਿਸ਼ ਕੀਤੀ ਸੀ ਇਸ ਕਰਕੇ ਮੇਰੇ ਗੁਰੂ ਦੀ ਨੀਸ਼ਾਨੀ ਮੈਨੂੰ ਵਾਪਿਸ ਕਰ ਦੇ।

ਹਜ਼ੂਰ ਦੂਸਰੇ ਪਾਤਿਸ਼ਾਹ ਜੀ ਆਪਣੇ ਸਤਿਗੁਰ ਦੇ ਚਰਨਾਂ ਵਿੱਚ ਬੇਨਤੀ ਕਰ ਰਹੇ ਹਨ ਕਿ! ਸੱਚੇ ਪਾਤਿਸ਼ਾਹੋ! ਕਿਸੇ ਨੂੰ ਕਿਸੇ ਚੀਜ ਦਾ ਸਹਾਰਾ ਹੁੰਦਾ ਹੈ ਕਿਸੇ ਨੂੰ ਧਨ, ਦੌਲਤ, ਅਫ਼ਸਰਾਂ ਅਤੇ ਅਹੁਦਿਆਂ ਦਾ ਸਹਾਰਾ ਹੁੰਦਾ ਹੈ। ਪਰ ਮੇਰਾ ਤੁਹਾਡੇ ਤੋਂ ਬਿਨਾਂ ਹੋਰ ਕੋਈ ਸਹਾਰਾ ਨਹੀਂ ਹੈ। ਮੇਰੇ ਨਿਮਾਣੀ ਦੇ, ਗਰੀਬ ਦੇ, ਨਾਚੀਜ ਦੇ ਸਿਰਫ਼ ਤੁਸੀਂ ਹੀ ਸਹਾਰੇ ਹੋ, ਤੁਸੀਂ ਹੀ ਬਖਸ਼ਣਹਾਰ ਹੋ।

**ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥੧॥**

ਜਿਸ ਦਿਨ ਮੇਰੇ ਮਨ ਵਿੱਚ ਤੁਹਾਡਾ ਚੇਤਾ ਜਾਂ ਯਾਦ ਨਹੀਂ ਆਉਂਦੀ ਉਸ ਦਿਨ ਮੈਂ ਮਰ ਕਿਉਂ ਨਾ ਜਾਵਾਂ? ਮੈਨੂੰ ਜਿਉਣ ਦਾ ਕੋਈ ਹੱਕ ਨਹੀਂ ਜੇਕਰ ਮੈਂ ਕਿਤੇ ਤੁਹਾਨੂੰ ਭੁੱਲ ਕੇ ਚੇਤੇ ਨਹੀਂ ਕਰਦਾ।

**॥ ਮः ੨ ॥**

**ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਾਲਿਓਇ ॥**

ਸੱਚੇ ਪਾਤਿਸ਼ਾਹੋ! ਦੁਖ ਸੁਖ ਵਿੱਚ ਤੁਸੀਂ ਹੀ ਸਹਾਇਤਾ ਕਰਨੀ ਹੈ। ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥*

*(ਅੰਗ 682)*

ਹਜ਼ੂਰ! ਮੈਂ ਤੁਹਾਨੂੰ ਸੁਖ ਵਿੱਚ ਵੀ ਚੇਤੇ ਰੱਖਾਂ। ਤੁਸੀਂ ਸੁਖ ਵਿੱਚ ਵੀ ਅਤੇ ਦੁੱਖ ਵਿੱਚ ਵੀ ਮੇਰੀ ਸੰਭਾਲ ਕਰਿਓ। ਕਿਉਂਕਿ ਜਾਂ ਤਾਂ ਬੰਦਾ ਦੁਖੀ ਹੋ ਕੇ ਮਾਲਿਕ ਨੂੰ ਛੱਡ ਦਿੰਦਾ ਹੈ। ਮੰਦਿਰ, ਮਸਜਿਦ, ਚਰਚ, ਗੁਰਦੁਆਰੇ ਜਾਣਾ ਬੰਦ ਕਰ ਦਿੰਦਾ ਹੈ ਜਾਂ ਫੇਰ ਸੁਖ ਵਿੱਚ ਵੀ ਭੁੱਲ ਜਾਂਦਾ ਹੈ। ਇਸ ਕਰਕੇ ਸੱਚੇ ਪਾਤਿਸ਼ਾਹੋ! ਮੇਰੀ ਦੁਖ ਅਤੇ ਸੁਖ ਵਿੱਚ ਵੀ ਸੰਭਾਲ ਕਰਿਓ।

**ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥੨॥**

ਅੱਛੀਆਂ ਲੜਕੀਆਂ ਆਪਣੇ ਪਤੀ ਨੂੰ ਨਹੀਂ ਭੁੱਲਦੀਆਂ। ਅੱਛੇ ਗੁਰਸਿੱਖ ਗੁਰਬਾਣੀ ਨੂੰ ਨਹੀਂ ਭੁੱਲਦੇ, ਸੇਵਕ ਆਪਣੇ ਸੰਤਾਂ ਦੀ ਬਖਸ਼ਿਸ਼ ਨੂੰ ਨਹੀਂ ਭੁੱਲਦੇ। ਐਸੀਆਂ ਸੁਰਤਾਂ ਸਦਾ ਸੁਹਾਗਣ ਰਹਿੰਦੀਆਂ ਹਨ ਉਹਨਾਂ ਦੇ ਕੰਤ ਸਦਾ ਹੀ ਨਾਲ ਹੁੰਦੇ ਹਨ, ਉਹਨਾਂ ਨੂੰ ਕਿਸੇ ਚੀਜ ਦੀ ਭੁੱਖ ਨਹੀਂ ਹੁੰਦੀ। ਉਹ ਜਦੋਂ ਵੀ ਕੁਝ ਮੰਗਣ ਸਤਿਗੁਰ ਸਭ ਕੁਝ ਬਖਸ਼ ਦਿੰਦੇ ਹਨ।

**॥ ਪਉੜੀ ॥**

**ਹਉ ਕਿਆ ਸਾਲਾਹੀ ਕਿਰਮ ਜੰਤੁ**

**ਵਡੀ ਤੇਰੀ ਵਡਿਆਈ ॥**

ਸੱਚੇ ਪਾਤਿਸ਼ਾਹੋ! ਅਸੀਂ ਗੰਦਗੀ ਦੇ ਕੀੜੇ ਸਮਾਨ ਹਾਂ। ਸਾਡੇ ਕੋਲੋਂ ਤੁਹਾਡੀ ਸਿਫਤ ਨਹੀਂ ਹੋ ਸਕਦੀ। ਤੁਹਾਡਾ ਦਰਬਾਰ ਬਹੁਤ ਉੱਚਾ-ਸੁੱਚਾ ਹੈ ਜੋ ਕਿ ਕਿਸੇ ਵੀ ਸੋਭਾ ਦਾ ਮੁਥਾਜ ਨਹੀਂ ਹੈ। ਤੁਹਾਡੀ ਬਹੁਤ ਵਡਿਆਈ ਹੈ ਅਸੀਂ ਚਾਹੇ ਕਿੰਨਾ ਵੀ ਯਸ਼ ਜਾਂ ਸੋਭਾ ਕਰ ਲਈਏ ਪਰ ਉਸ ਮਾਲਿਕ ਦੇ ਦਰਬਾਰ ਵਿੱਚ ਅਸੀਂ ਕੀੜੇ ਸਮਾਨ ਹਾਂ।

**ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥**

ਹਜ਼ੂਰ! ਤੁਹਾਡੀ ਗੰਮਤਾ ਅਰਥਾਤ ਭੇਦ ਕੋਈ ਨਹੀਂ ਜਾਣ ਸਕਿਆ। ਤੁਸੀਂ ਅਗਾਧ ਹੋ, ਤੁਹਾਡੀ ਕੋਈ ਹੱਦ ਨਹੀਂ ਪਾ ਸਕਿਆ। ਤੁਸੀਂ ਬਹੁਤ ਦਿਆਲੂ ਹੋ ਅਤੇ ਜੀਵ ਦਾ ਖੁਦ ਹੀ ਮਿਲਾਪ ਕਰਵਾ ਦਿੰਦੇ ਹੋ।

**ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥**

ਸੱਚੇ ਪਾਤਿਸ਼ਾਹੋ! ਮੇਰਾ ਕੋਈ ਯਾਰ ਜਾਂ ਬੇਲੀ ਨਹੀਂ ਹੈ ਜੋ ਅਖੀਰਲੇ ਸਮੇਂ ਮੇਰੀ ਸਹਾਇਤਾ ਕਰ ਸਕੇ। ਗੁਰੂਆਂ ਨੇ ਯਾਰ ਦੀ ਬਹੁਤ ਮਹੱਤਤਾ ਦੱਸੀ ਹੈ।

*ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਣਾ।*

ਤਥਾ

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥

ਹਜ਼ੂਰ! ਤੁਸੀਂ ਹੀ ਮੇਰੇ ਯਾਰ ਬੇਲੀ ਅਤੇ ਸਭ ਕੁਝ ਹੋ।

**ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥**

ਸੱਚੇ ਪਾਤਿਸ਼ਾਹੋ! ਮੈਨੂੰ ਇਹ ਜਰੂਰ ਪਤਾ ਹੈ ਕਿ ਜੋ ਤੁਹਾਡੀ ਸ਼ਰਨ ਵਿੱਚ ਆ ਜਾਂਦਾ ਹੈ ਉਸ ਨੂੰ ਕਾਲ ਤੋਂ ਛੁਡਾ ਲੈਂਦੇ ਹੋ, ਬੀਮਾਰੀਆਂ ਦੁਖਾਂ ਤੋਂ ਵੀ ਛੁਡਾ ਲੈਂਦੇ ਹੋ।

**ਨਾਨਕ ਵੇਪਰਵਾਹੁ ਹੈ**

**ਤਿਸੁ ਤਿਲੁ ਨ ਤਮਾਈ ॥ ੨੦ ॥੧॥**

ਉਹ ਤਾਕਤ ਬਹੁਤ ਬੇਪ੍ਰਵਾਹ ਹੈ। ਕਈ ਵਾਰ ਉਹ ਛੋਟੀ ਜਿਹੀ ਗੱਲ ਫੜ ਕੇ ਬੈਠ ਜਾਂਦੇ ਹਨ। ਤਦੇ ਸ਼ੇਖ ਫਰੀਦ ਸਾਹਿਬ ਜੀ ਨੇ ਫੁਰਮਾਨ ਕੀਤਾ ਹੈ ਕਿ

*ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ॥*

*ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥ ੪॥*

*(ਅੰਗ 1378)*

ਸਾਧੂ ਬਹੁਤ ਜਿਆਦਾ ਵੀ ਖੁਸ਼ ਹੋਏ ਹੋਣ ਤਦ ਵੀ ਡਰਦੇ ਰਹੋ। ਮਹਾਰਾਜ ਜੀ ਦੀ ਵਡਿਆਈ ਕਰਦਿਆਂ ਵੀ ਅਗਰ ਮਾਣ ਕਰਨਾ ਹੈ ਤਾਂ ਥੋੜਾ ਮਾਣ ਕਰੋ। ਸੀਮਾ ਵਿੱਚ ਰਹਿ ਕੇ ਮਾਣ ਕਰਿਓ ਕਿਤੇ ਤੁਹਾਡਾ ਮਾਣ ਹੰਕਾਰ ਵਿੱਚ ਨਾ ਬਦਲ ਜਾਵੇ। ਇਸ ਕਰਕੇ ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਮੈਨੂੰ ਸਾਰੀਆਂ ਦਾਤਾਂ ਦੇ ਕੇ ਵੀ ਇਹ ਬਖਸ਼ਿਸ਼ ਜਰੂਰ ਕਰਿਓ ਕਿ ਮੈਨੂੰ ਕਿਤੇ ਮਾਣ ਜਾਂ ਹੰਕਾਰ ਨਾ ਆ ਜਾਵੇ। ਕਿਉਂਕਿ

*ਉਹ ਬੇਪ੍ਰਵਾਹ ਦਰਗਾਹ ਹੈ ਬਾਹੂ*
*ਉਥੇ ਰੋ ਰੋ ਹਾਸਿਲ ਥੀਵੇ ਹੂ॥*

ਉਹ ਤਾਕਤ ਬਹੁਤ ਬੇਪ੍ਰਵਾਹ ਤਾਕਤ ਹੈ। ਹਜ਼ੂਰ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਅਖੀਰਲੀ ਤੁਕ ਵਿੱਚ ਫੁਰਮਾਨ ਕਰ ਰਹੇ ਹਨ ਕਿ ਉਸ ਬੇਪ੍ਰਵਾਹ ਤਾਕਤ ਤੋਂ ਹਮੇਸ਼ਾਂ ਡਰਦੇ ਰਹਿਣਾ ਚਾਹੀਦਾ ਹੈ। ਉਹ ਤਾਂ

*ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥*
*ਦਰਿ ਮੰਗਨਿ ਭਿਖ ਨ ਪਾਇਦਾ॥ ੧੬॥ (ਅੰਗ 472)*

ਬਾਦਸ਼ਾਹ ਨੂੰ ਵੀ ਘਾਹ ਖਾਣਾ ਨਸੀਬ ਨਹੀਂ ਹੋਇਆ ਸੀ। ਇਸ ਕਰਕੇ ਉਸ ਤਾਕਤ ਤੋਂ ਡਰਦੇ ਰਹਿਣਾ ਚਾਹੀਦਾ ਹੈ ਅਤੇ ਹਮੇਸ਼ਾਂ ਬਖਸ਼ਿਸ਼ ਵਾਸਤੇ ਬੇਨਤੀਆਂ ਅਤੇ ਅਰਦਾਸਾਂ ਕਰਦੇ ਰਹਿਣਾ ਚਾਹੀਦਾ ਹੈ।

# ਸਤਿਸੰਗ

**ਰਾਗੁ ਗਉੜੀ ਪੂਰਬੀ ਬਾਣੀ ਸ੍ਰੀ ਕਬੀਰ ਜੀਉ ਕੀ**

**(ਅੰਗ 336)**

**॥ ਗਉੜੀ॥**
**ਅਗਨਿ ਨ ਦਹੈ ਪਵਨੁ ਨਹੀ ਮਗਨੈ**
**ਤਸਕਰੁ ਨੇਰਿ ਨ ਆਵੈ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਕਬੀਰ ਸਾਹਿਬ ਜੀ ਮਹਾਰਾਜ ਪੂਰਨ ਸੰਤ ਸਤਿਗੁਰੂ ਫੁਰਮਾਨ ਕਰ ਰਹੇ ਹਨ ਕਿ ਉਹ ਪ੍ਰਾਣੀ ਜੋ ਸੋਚਦਾ ਹੈ ਕਿ ਉਸ ਨੂੰ ਅੱਗ ਸਾੜ ਨਾ ਸਕੇ, ਉਸ ਦੀ ਲੱਗੀ ਹੋਈ ਅੱਗ ਬੁਝ ਜਾਵੇ, ਭਾਂਬੜ ਮੱਚ ਨਾ ਸਕੇ,ਉਸ ਨੂੰ ਕੋਈ ਹਥਿਆਰ, ਬੰਬ, ਗੋਲੀ, ਸਿੱਕਾ, ਤਲਵਾਰ ਜਾਂ ਭਾਲੇ ਦੁਆਰਾ ਉਸ ਦੀ ਮੌਤ ਨਾ ਹੋ ਸਕੇ ਤਾਂ ਉਸ ਦੀ ਰਹਿਤ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

**ਰਾਮ ਨਾਮ ਧਨੁ ਕਰਿ ਸੰਚਾਉਨੀ**
**ਸੋ ਧਨੁ ਕਤ ਹੀ ਨ ਜਾਵੈ॥੧॥**

ਜਿਸ ਜੀਵ ਕੋਲ ਰਾਮ ਨਾਮ ਦੇ ਧਨ ਦਾ ਜਖੀਰਾ ਹੈ ਉਸ ਨੂੰ

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥*
*ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥੧॥*

ਰਾਮ ਕਾਰ ਤੋਂ ਭਾਵ ਹੈ ਕਿ ਉਸ ਦੇ ਗਿਰਦ ਰਾਮ ਨਾਮ ਦਾ ਕਿਲਾ ਬਣ ਜਾਂਦਾ ਹੈ

*ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥*
*ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥੧॥*
*ਰਹਾਉ॥*
*ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥ ੨॥*

*(ਅੰਗ 819)*

ਫੇਰ ਸਤਿਗੁਰ ਕੋਈ ਨਾ ਕੋਈ ਬਿਧ ਬਣਾ ਕੇ ਉਸ ਜੀਵ ਨੂੰ ਆਂਚ ਨਹੀਂ ਆਉਣ ਦਿੰਦੇ।

**ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ**

**ਇਹੈ ਸਾਰ ਧਨੁ ਕਹੀਐ॥**

ਹਜ਼ੂਰ ਫੁਰਮਾਉਂਦੇ ਹਨ ਕਿ ਮਾਧੋ, ਗੋਬਿੰਦ ਅਤੇ ਧਰਣੀ ਧਰ ਅਰਥਾਤ ਜਿਸ ਤਾਕਤ ਨੇ ਇਹ ਸਾਰੇ ਜੀਵ ਬਣਾਏ ਹਨ ਅਸੀਂ ਉਸ ਤਾਕਤ ਦੀ ਸ਼ਰਨ ਵਿੱਚ ਰਹਿੰਦੇ ਹਾਂ। ਸਾਡੇ ਕੋਲ ਸਾਰ ਧਨ ਅਤੇ ਖਜਾਨਾ ਉਹੋ ਹੀ ਹਨ।

**ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ**

**ਸੋ ਸੁਖੁ ਰਾਜਿ ਨ ਲਹੀਐ॥ ੧॥ ਰਹਾਉ॥**

ਜੋ ਸੁਖ ਸਾਧੂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ ਉਹ ਰਾਜ ਭਾਗ ਵਿੱਚ ਵੀ ਨਹੀਂ ਹੈ। ਹੋਰ ਕਿਸੇ ਵੀ ਧਨ ਦੌਲਤ, ਜਾਂ ਕੋਠੀਆਂ ਮਹਿਲ ਮਾੜੀਆਂ ਵਿਚੋਂ ਉਹ ਸੁਖ ਨਹੀਂ ਮਿਲ ਸਕਦਾ।

**ਇਸੁ ਧਨ ਕਾਰਣਿ ਸਿਵ ਸਨਕਾਦਿਕ**

**ਖੋਜਤ ਭਏ ਉਦਾਸੀ॥**

ਰਿਸ਼ੀ, ਮੁਨੀ, ਪੀਰ, ਪੈਗੰਬਰ, ਸ਼ਿਵ ਜੀ ਮਹਾਰਾਜ, ਬ੍ਰਹਮਾ, ਵਿਸ਼ਨੂੰ, ਮਹੇਸ਼ ਸਾਰਿਆਂ ਨੇ ਇਸ ਧਨ ਦੀ ਖੋਜ ਵਿੱਚ ਜੰਗਲਾਂ ਵਿੱਚ, ਬਰਫ਼ ਵਿੱਚ ਅੱਸੀ-ਅੱਸੀ, ਅਠਾਸੀ-ਅਠਾਸੀ ਹਜਾਰ ਸਾਲ ਤਪੱਸਿਆ ਕੀਤੀ ਫੇਰ ਵੀ ਉਹਨਾਂ ਨੂੰ ਇਸ ਧਨ ਦੀ ਪ੍ਰਾਪਤੀ ਨਹੀਂ ਹੋਈ। ਪਰ ਜੋ ਜੀਵ ਨਾਮ ਦੇ, ਗੁਰਬਾਣੀ ਦੇ ਰਸੀਏ ਹਨ ਮਾਲਿਕ ਉਹਨਾਂ ਨੂੰ ਇਹ ਖਜਾਨਾ ਬਖਸ਼ਦੇ ਹਨ।

**ਮਨਿ ਮੁਕੰਦੁ ਜਿਹਬਾ ਨਾਰਾਇਨੁ**

**ਪਰੈ ਨ ਜਮ ਕੀ ਫਾਸੀ॥ ੨॥**

ਮਨ 'ਤੇ ਕੰਟਰੌਲ ਕਰਨ ਵਾਲੀ ਉਹ ਇੱਕ ਹੀ ਤਾਕਤ ਹੈ।

*ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥ ੧੦॥*
*(ਅੰਗ 298)*

ਤਥਾ

*ਮਨੁ ਜੀਤੇ ਜਗੁ ਜੀਤਿਆ.........॥ (ਅੰਗ 1103)*

ਹਜ਼ੂਰ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਮਨ ਨੂੰ ਕੰਟਰੌਲ ਕਰਨ ਵਾਲੀ ਤਾਕਤ ਕਿਤੇ ਮਿਹਰਬਾਨ ਹੋ ਜਾਵੇ ਫੇਰ ਜੀਵ ਇਹਨਾਂ ਉਪਾਧੀਆਂ ਤੋਂ ਬਚ ਕੇ ਨਾਮ ਦੀ ਪ੍ਰਾਪਤੀ ਕਰ ਸਕਦਾ ਹੈ।

**ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ**

**ਤਾਸੁ ਸੁਮਤਿ ਮਨੁ ਲਾਗਾ॥**

ਪੂਰਨ ਸੰਤ ਆਪ ਹੀ ਜੀਵ ਉੱਪਰ ਕਿਰਪਾ ਕਰਦੇ ਹਨ।

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥*

ਹਜ਼ੂਰ ਦੀ ਕਿਰਪਾ ਸਦਕਾ ਖਲ ਅਰਥਾਤ ਸ਼ੁਦਾਈ, ਖੋਤੇ ਵਰਗੇ ਦਿਮਾਗ ਵਾਲਾ ਜੀਵ ਚਤੁਰੇ ਤੋਂ ਚਤੁਰੇ ਗਿਆਨੀਆਂ, ਪੰਡਿਤਾਂ ਅਤੇ ਜਥੇਦਾਰਾਂ ਤੋਂ ਵੱਧ ਗਿਆਨ ਦੀਆਂ ਗੱਲਾਂ ਬੋਲ ਸਕਦਾ ਹੈ।

*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥੧॥*

*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥ (ਅੰਗ 809)*

ਪੂਰਨ ਸੰਤ ਸਾਧੂ ਜਿਸ ਜੀਵ ਉੱਪਰ ਮਰਜੀ ਬਖਸ਼ਿਸ਼ ਕਰਕੇ ਉਸ ਨੂੰ ਅਕਲਾਂ ਦੇ ਖਜਾਨੇ ਬਖਸ਼ ਦਿੰਦੇ ਹਨ। ਫੇਰ ਉਸ ਨੂੰ ਨਿਜ ਸਥਾਨ ਤੋਂ ਜੋ ਗਿਆਨ ਪ੍ਰਾਪਤ ਹੁੰਦਾ ਹੈ ਉਹ ਕਿਤਾਬਾਂ ਵਿਚੋਂ ਨਹੀਂ ਮਿਲ ਸਕਦਾ। ਫੇਰ

*ਭਗਤੀ ਤੇ ਭਗਵੰਤ ਦੋਊ ਏਕ ਹੈ*

*ਬਿਬ ਬਿਚਾਰ ਕਿਛੁ ਨਾਹਿ॥*

*ਜਲ ਤੇ ਉਪਜ ਤਰੰਗ ਜਿਉ*

*ਜਲ ਹੀ ਬਿਖੈ ਸਮਾਇ॥*

ਭਗਤੀ ਅਤੇ ਭਗਵੰਤ ਵਿੱਚ ਕੋਈ ਫਰਕ ਨਹੀਂ ਹੈ। ਤਦੇ ਸ਼ੇਖ ਫਰੀਦ ਸਾਹਿਬ ਜੀ ਨੇ ਫੁਰਮਾਇਆ ਹੈ ਕਿ

*ਤੇਰੀ ਪਨਹ ਖੁਦਾਇ ਤੂ ਬਖਸੰਦਗੀ॥*

*ਸੇਖ ਫਰੀਦੈ ਖੈਰੁ ਦੀਜੈ ਬੰਦਗੀ॥ ੪॥ (ਅੰਗ 488)*

ਬੰਦਗੀ ਅਤੇ ਭਗਤੀ ਵੀ ਇਕੋ ਚੀਜ ਹੈ। ਅਗਰ ਜੀਵ ਨੂੰ ਸੁਮੱਤ ਆਉਂਦੀ ਹੈ ਤਦ ਉਹ ਭਗਤੀ, ਬੰਦਗੀ ਅਤੇ ਗੁਰਬਾਣੀ ਵੱਲ ਲੱਗਦਾ ਹੈ।

**ਜਲਤ ਅੰਭ ਥੰਭਿ ਮਨੁ ਧਾਵਤ**

**ਭਰਮ ਬੰਧਨ ਭਉ ਭਾਗਾ॥ ੩॥**

ਹਰਨਾਖਸ਼ ਨੇ ਥੰਮ ਗਰਮ ਕਰਕੇ ਪ੍ਰਹਿਲਾਦ ਨੂੰ ਕਿਹਾ ਕਿ ਇਸ ਨੂੰ ਜੱਫੀ ਪਾ। ਭਗਵਾਨ ਕੀੜੀ ਬਣ ਕੇ ਥੰਮ੍ਹ ਉੱਪਰ ਤੁਰ ਰਹੇ ਸਨ ਤਦ ਪ੍ਰਹਿਲਾਦ ਨੂੰ ਪਤਾ ਲੱਗਾ ਕਿ ਮਾਲਿਕ ਮੈਨੂੰ ਦੱਸ ਰਹੇ ਹਨ ਕਿ ਅਗਰ ਕੀੜੀ ਨਹੀਂ ਸੜ ਰਹੀ ਤਦ ਤੂੰ ਕਿਵੇਂ ਸੜੇਂਗਾ? ਉਸ ਨੇ ਭੱਜ ਕੇ ਜਾ ਕੇ ਥੰਮ੍ਹ ਨੂੰ ਜੱਫੀ ਪਾ ਲਈ ਤਾਂ ਥੰਮ੍ਹ ਫਟ ਗਿਆ ਅਤੇ ਉਸ ਵਿਚੋਂ ਨਰਸਿੰਘ ਅਵਤਾਰ ਪ੍ਰਗਟ ਹੋਇਆ ਅਤੇ ਉਸ ਨੇ ਹਰਨਾਖਸ਼ ਦਾ ਬਧ ਕਰ ਦਿੱਤਾ।

**ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ॥**

ਹਜ਼ੂਰ ਫੁਰਮਾਉਂਦੇ ਹਨ ਕਿ ਦੁਨਿਆਵੀ ਧਨ, ਦੌਲਤਾਂ, ਰੂਪ,

ਕਰੂਪ ਦੇਖ ਕੇ ਅਸੀਂ ਸ਼ੁਦਾਈ ਅਤੇ ਬਉਰੇ ਹੋਏ ਫਿਰਦੇ ਹਾਂ। ਐ ਜੀਵ! ਤੂੰ ਕਦੇ ਇਕੱਲਾ ਬੈਠ ਕੇ ਵੀਚਾਰ ਕਰਕੇ ਜਰੂਰ ਦੇਖ।

**ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ**

**ਹਮ ਘਰਿ ਏਕੁ ਮੁਰਾਰੀ॥ ੪॥੧॥ ੭॥ ੫੮॥**

ਹਜ਼ੂਰ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਤੇਰੇ ਘਰ ਲੱਖਾਂ ਹਾਥੀ, ਘੋੜੇ, ਫੌਜਾਂ ਅਤੇ ਦੁਨੀਆਂ ਵੀ ਤੇਰੇ ਅੱਗੇ ਝੁਕਦੀ ਹੈ। ਰਾਜ ਭਾਗ ਵੀ ਤੇਰੇ ਅੱਗੇ ਝੁਕਦਾ ਹੈ ਪਰ ਮੇਰੇ ਘਰ ਸਿਰਫ਼ ਉਹ ਮਾਲਿਕ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਬਿਰਾਜਮਾਨ ਹਨ ਇਸ ਕਰਕੇ ਮੈਂ ਆਪਣੇ ਆਪ ਨੂੰ ਇਸ ਦੁਨੀਆਂ ਵਿੱਚ ਸਭ ਤੋਂ ਵੱਡਾ ਧਨੀ ਸਮਝਦਾ ਹਾਂ ਕਿਉਂਕਿ

*ਕੋਊ ਹਰਿ ਸਮਾਨਿ ਨਹੀ ਰਾਜਾ॥*

*ਏ ਭੂਪਤਿ ਸਭ ਦਿਵਸ ਚਾਰਿ ਕੇ*

*ਝੂਠੇ ਕਰਤ ਦਿਵਾਜਾ॥੧॥ (ਅੰਗ 856)*

ਉਸ ਤਾਕਤ ਦਾ ਸਿਮਰਨ ਕਰਨ ਵਾਲੇ ਜੀਵ ਤੋਂ ਵੱਡਾ ਦੁਨੀਆਂ ਵਿੱਚ ਕੋਈ ਰਾਜਾ ਨਹੀਂ ਹੈ। ਉਹ ਭੋਲੇ ਬਣ ਕੇ ਕੁਝ ਨਾ ਕਰਨ, ਕੁਝ ਨਾ ਕਹਿਣ ਵੱਖਰੀ ਗੱਲ ਹੈ ਪਰ

*ਤੁਝ ਸੇ ਜੀਤ ਸਕੇ ਨ ਕੋਈ।*

*ਗੁਰ ਕਾ ਬਲ ਜੇ ਹਿਰਦੇ ਹੋਈ।*

ਜਿਹੜੇ ਜੀਵ ਆਪਣੇ ਮਾਲਿਕ ਦਾ ਬਲ ਹਿਰਦੇ ਵਿੱਚ ਰੱਖਦੇ ਹਨ ਉਹਨਾਂ ਨੂੰ ਕੋਈ ਹਰਾ ਨਹੀਂ ਸਕਦਾ।

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥

ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥

ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥

ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥

*(ਗੂਜਰੀ ਕੀ ਵਾਰ ਮਹਲਾ ੩ ॥ ਅੰਗ 510)*

# ਸਤਿਸੰਗ

**ਰਾਗੁ ਬਿਲਾਵਲੁ ਮਹਲਾ ੫ ਚਉਪਦੇ ਘਰੁ ੧**

**(ਅੰਗ 801)**

**ੴ ਸਤਿਗੁਰ ਪ੍ਰਸਾਦਿ॥**

**ਨਦਰੀ ਆਵੈ ਤਿਸੁ ਸਿਉ ਮੋਹੁ॥**

**ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਨ ਕਰ ਰਹੇ ਹਨ ਕਿ ਜੀਵ ਨੂੰ ਜੋ ਚੀਜ ਦਿਸਦੀ ਨਹੀਂ ਹੈ ਉਸ ਨਾਲ ਉਸ ਦਾ ਪਿਆਰ ਨਹੀਂ ਹੁੰਦਾ।

ਅਸੀਂ ਕਈ ਵਾਰ ਮਿਸਾਲ ਦਿੱਤੀ ਹੈ ਕਿ ਚਿੱਟੀ ਕੇਨ ਦੀਆਂ ਕੁਰਸੀਆਂ ਹੁੰਦੀਆਂ ਸਨ ਜਿਹਨਾਂ ਨੂੰ ਕਿੱਲ ਲੱਗੇ ਹੁੰਦੇ ਸਨ। ਕੁਰਸੀ ਦੇ ਹਿੱਲਦਿਆਂ ਹਿੱਲਦਿਆਂ ਉਹ ਕਿੱਲ ਬਾਹਰ ਨੂੰ ਆ ਜਾਂਦੇ ਸਨ। ਜੀਵ ਨੇ ਵੂਸਟਰਡ ਦੀ ਪੈਂਟ ਅਤੇ ਕੋਟ ਪਹਿਨ ਕੇ ਉਹਨਾਂ ਉੱਪਰ ਬੈਠ ਜਾਣਾ। ਬੇਸ਼ੱਕ ਉਸ ਕਿੱਲ ਨਾਲ ਅੜ ਕੇ ਉਹ ਪੈਂਟ ਜਾਂ ਕੋਟ ਫਟ ਜਾਂਦਾ ਸੀ ਪਰ ਉਦੋਂ ਉਹ ਕੁਰਸੀ ਡੇਢ ਦੋ ਰੁਪਏ ਦੀ ਜਾਂ ਪੰਜ ਰੁਪਏ ਦੀ ਆ ਜਾਂਦੀ ਸੀ ਜੀਵ ਉਸ ਨੂੰ ਕਦੇ ਵੀ ਬਦਲਦਾ ਨਹੀਂ ਸੀ। ਜੀਵ ਨੇ ਇਹੋ ਸੋਚਣਾ ਕਿ ਅਜੇ ਇਸ ਤੋਂ ਹੋਰ ਕੰਮ ਲਿਆ ਜਾ ਸਕਦਾ ਹੈ ਇੰਝ ਜੀਵ ਦਾ ਉਸ ਕੁਰਸੀ ਨਾਲ ਵੀ ਮੋਹ ਹੋ ਜਾਂਦਾ ਹੈ। ਫੇਰ ਵੱਡੀਆਂ ਚੀਜਾਂ ਧੀਆਂ, ਪੁੱਤਰ, ਕੋਠੀਆਂ, ਮਹਿਲ, ਮਾੜੀਆਂ, ਜਮੀਨਾਂ, ਜਾਇਦਾਦਾਂ, ਖਜਾਨੇ ਅਹੁਦੇ ਸਭ ਦਿਸਦੇ ਹਨ ਇਸ ਕਰਕੇ ਇਹਨਾਂ ਨਾਲ ਮੋਹ ਹੁੰਦਾ ਹੈ ਪਰ ਨਾਮ ਦਿਸਦਾ ਨਹੀਂ ਹੈ ਉਸ ਦੀ ਸਿਰਫ਼ ਅਵਾਜ ਸੁਣਦੀ ਹੈ ਤਦੇ ਕਿਹਾ ਗਿਆ ਹੈ ਕਿ

*ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ॥ ੨॥*

*(ਅੰਗ 660)*

ਤਥਾ

*ਸੁਣਿਐ ਅੰਧੇ ਪਾਵਹਿ ਰਾਹੁ॥*

*ਸੁਣਿਐ ਹਾਥ ਹੋਵੈ ਅਸਗਾਹੁ॥*

*ਨਾਨਕ ਭਗਤਾ ਸਦਾ ਵਿਗਾਸੁ॥*

*ਸੁਣਿਐ ਦੂਖ ਪਾਪ ਕਾ  ਨਾਸੁ ॥ ੧੧ ॥ (ਅੰਗ 3)*

ਸੋਈ ਜਿਹੜੀ ਚੀਜ ਦਿਸਦੀ ਨਹੀਂ ਹੈ ਉਸ ਉੱਪਰ ਵਿਸ਼ਵਾਸ਼ ਨਹੀਂ ਹੁੰਦਾ ਅਤੇ ਜੀਵ ਸੋਚਦਾ ਹੈ ਕਿ ਪਤਾ ਨਹੀਂ ਬਖਸ਼ਿਸ਼ ਹੋਣੀ ਹੈ ਜਾਂ ਨਹੀਂ। ਇਹ ਬਖਸ਼ਿਸ਼ ਕਿੱਦਾਂ ਹੋਵੇਗੀ ਅਤੇ ਕਿੰਨੀ ਕੁ ਹੋਵੇਗੀ? ਸੋਈ ਜਿਹੜੀ ਚੀਜ ਦਿਸਦੀ ਹੈ ਉਸ ਨਾਲ ਸਾਰੀ ਦੁਨੀਆਂ ਮੋਹ ਕਰਦੀ ਹੈ ਪਰ ਜੋ ਨਜਰ ਨਹੀਂ ਆਉਂਦੀ ਉਸ ਉੱਪਰ ਯਕੀਨ ਨਹੀਂ ਆਉਂਦਾ।

**ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥**

**ਸਾਧਸੰਗਤਿ ਕੈ ਅੰਚਲਿ ਲਾਵਹੁ ॥ ੧ ॥**

ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਹਜ਼ੂਰ ਚੌਥੇ ਪਾਤਿਸ਼ਾਹ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਉਹ ਚੌਥੇ ਪਾਤਿਸ਼ਾਹ ਜੀ ਦੇ ਕੋਲ ਰਹਿੰਦਿਆਂ ਹੋਇਆਂ ਵੀ ਪਛਾਣ ਨਹੀਂ ਸਕੇ ਕਿ ਮੇਰੇ ਪਿਤਾ ਜੀ ਹੀ ਸਭ ਕੁਝ ਹਨ। ਬਾਅਦ ਵਿੱਚ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਕਿ

*ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ (ਅੰਗ 97)*

ਬੁੱਲ੍ਹੇ ਸ਼ਾਹ ਦੇ ਬਾਪ ਨੇ ਬਾਅਦ ਵਿੱਚ ਹੀ ਕਿਹਾ ਸੀ ਕਿ

*ਪੁੱਤਰ ਜਿਹਨਾਂ ਦੇ ਰੰਗ ਰੰਗੀਲੇ ਮਾਪੇ ਲੈਂਦੇ ਤਾਰ।*

*ਚੀਣਾਂ ਇੰਝ ਛੜੀਂਦਾ ਯਾਰ ਮੋਹਰਲਾ ਇੰਝ ਮਲੀਂਦਾ ਯਾਦ।*

ਫੇਰ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਪੁੱਤਰ ਦਾ ਨਾਤਾ ਛੱਡ ਕੇ ਸੰਗਤ ਵਿੱਚ ਬੈਠਣਾ ਸ਼ੁਰੂ ਕਰ ਦਿੱਤਾ। ਸੰਗਤ ਹਜ਼ੂਰ ਚੌਥੇ ਪਾਤਿਸ਼ਾਹ ਜੀ ਦੀ ਉਸਤਤਿ ਕਰੇ ਕਿ ਇਹੋ ਹੀ ਪ੍ਰਮੇਸ਼ਰ ਹਨ ਇਹੋ ਹੀ ਸਭ ਕੁਝ ਹਨ।

*ਬੈਠਾ ਸੋਢੀ ਪਾਤਿਸਾਹੁ,*

*ਰਾਮਦਾਸ ਸਤਿਗੁਰੂ ਕਹਾਵੈ ॥ (ਵਾਰ ੧ ਪਉੜੀ ੪੭)*

ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਸੋਚਣ ਲੱਗੇ ਕਿ ਇਹ ਤਾਂ ਮੇਰੇ ਬਾਪ ਹਨ, ਮੈਨੂੰ ਆਪਣੇ ਕੋਲ ਬਿਠਾਉਂਦੇ ਵੀ ਹਨ ਅਤੇ ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਮੈਂ ਬਿਨਾਂ ਆਗਿਆ ਲੈਣ ਤੋਂ ਉਹਨਾਂ ਨੂੰ ਮਿਲ ਵੀ ਸਕਦਾ ਹਾਂ। ਫੇਰ ਮੈਂ ਮੂਰਖ ਹੀ ਰਿਹਾ ਮੈਂ ਉਹਨਾਂ ਨੂੰ ਅਜੇ ਤੱਕ ਪਛਾਣ ਨਹੀਂ ਸਕਿਆ। ਜਦੋਂ ਆਪਨੇ ਸੰਗਤ ਦੇ ਮੂੰਹੋ ਉਪਮਾ ਸੁਣ ਕੇ ਆਪਣੇ ਪਿਤਾ ਜੀ ਨੂੰ ਪਿਤਾ ਨਹੀਂ ਸਗੋਂ ਸਤਿਗੁਰ ਸਮਝ ਕੇ ਮੰਨਿਆ ਫੇਰ ਬਖਸ਼ਿਸ਼ ਹੋਈ। ਫੇਰ ਆਪਨੇ ਬੇਨਤੀ ਕੀਤੀ ਕਿ ਹਜ਼ੂਰ! ਮੇਰੇ ਉੱਪਰ ਕਿਰਪਾ ਕਰੋ ਮੈਂ ਵੱਖਰਾ ਨਾ ਰਹਾਂ, ਸਗੋਂ ਮੈਂ ਸੰਗਤ ਵਿੱਚ ਬੈਠ ਕੇ ਮਾਲਿਕ ਦੇ ਬਚਨ ਸੁਣਾਂ। ਅਸੀਂ ਵੀ ਸੰਗਤ ਵਿੱਚ ਬੈਠ ਕੇ ਬਚਨ ਕਰਦੇ ਅਤੇ ਸੁਣਦੇ ਵੀ ਸੀ ਅਤੇ ਜੋ ਭੁਲੇਖਾ ਹੁੰਦਾ ਸੀ ਉਸ ਨੂੰ ਕੱਢੀਦਾ ਵੀ ਸੀ। ਸੋਈ ਸੰਗਤ ਨਾਲ ਦੀ ਬਖਸ਼ਿਸ਼ ਹੋਰ ਕੋਈ ਨਹੀਂ ਹੈ।

*ਸੁਤ ਦਾਰਾ ਧਨ ਲਕਸ਼ਮੀ ਪਾਪੀ ਕੇ ਭੀ ਹੋਇ।*

*ਸੰਤ ਸਮਾਗਮ ਹਰੀ ਕਥਾ ਤੁਲਸੀ ਦੁਰਲਭ ਦੋਇ।*

ਸੰਤਾਂ ਦੀ ਸੰਗਤ ਅਤੇ ਹਰੀ ਕਥਾ ਦੋਵੇਂ ਚੀਜਾਂ ਵੱਡੇ ਭਾਗਾਂ ਨਾਲ ਮਿਲਦੀਆਂ ਹਨ। ਇਸ ਕਰਕੇ ਹਜ਼ੂਰ ਮੇਰੇ ਉੱਪਰ ਕਿਰਪਾ ਕਰੋ ਕਿ ਮੈਂ ਸੰਗਤ ਵਿੱਚ ਬੈਠਾਂ, ਸੰਗਤ ਮੈਨੂੰ ਪਿਆਰ ਕਰੇ ਅਤੇ ਮੈਂ ਸੰਗਤ ਨੂੰ ਪਿਆਰ ਕਰਾਂ ਅਤੇ ਮੈਨੂੰ ਪਤਾ ਚੱਲੇ ਕਿ ਉਹ ਤਾਕਤ ਕਿਸ ਤਰ੍ਹਾਂ ਬਖਸ਼ਿਸ਼ ਕਰਦੀ ਹੈ।

**ਕਿਉ ਤਰੀਐ ਬਿਖਿਆ ਸੰਸਾਰੁ ॥**

**ਸਤਿਗੁਰੁ ਬੋਹਿਥੁ ਪਾਵੈ ਪਾਰਿ ॥੧ ॥ ਰਹਾਉ ॥**

ਇਸ ਜਹਿਰਾਂ ਦੇ ਭਰੇ ਹੋਏ ਸੰਸਾਰ ਵਿੱਚ ਸਤਿਗੁਰ ਕਿਰਪਾ ਕਰਕੇ ਨਾਮ ਦੇ ਬੇੜੇ ਵਿੱਚ ਚੜ੍ਹਾ ਲੈਣ।

*ਦੀਨ ਦਇਆਲ ਭਰੋਸੇ ਤੇਰੇ ॥*

*ਸਭੁ ਪਰਵਾਰੁ ਚੜਾਇਆ ਬੇੜੇ ॥ ੧ ॥ (ਅੰਗ 337)*

ਜਿੰਨੀ ਵੀ ਸੰਗਤ ਬੈਠੀ ਹੈ ਇਹ ਸਾਡਾ ਸਾਰਿਆਂ ਦਾ ਪਰਿਵਾਰ ਹੈ। ਅਗਰ ਸਤਿਗੁਰ ਚਾਹੁਣ ਤਾਂ ਇਸ ਨੂੰ ਬੇੜੇ ਵਿੱਚ ਚੜ੍ਹਾ ਕੇ ਪਾਰ ਉਤਾਰਾ ਕਰ ਦੇਣ। ਵਰਨਾ ਜੋ ਕਾਮ, ਕਰੋਧ, ਲੋਭ, ਮੋਹ, ਹੰਕਾਰ, ਆਸ਼ਾ, ਤ੍ਰਿਸ਼ਨਾ, ਵਾਸ਼ਨਾ ਦੀਆਂ ਜਹਿਰਾਂ  ਹਨ ਉਹ ਜੀਵ ਨੂੰ ਤੁਰਨ ਨਹੀਂ ਦਿੰਦੀਆਂ।

**ਪਵਨ ਝੁਲਾਰੇ ਮਾਇਆ ਦੇਇ ॥**

**ਹਰਿ ਕੇ ਭਗਤ ਸਦਾ ਥਿਰੁ ਸੇਇ ॥**

ਜਦੋਂ ਮਾਇਆ ਦਾ ਝਕੋਲਾ ਵੱਜਦਾ ਹੈ ਤਦ ਸਿਰਫ਼ ਹਰੀ ਦੇ ਭਗਤ ਸਥਿਰ ਰਹਿੰਦੇ ਹਨ। ਬਾਕੀ ਸਭ ਡੋਲ ਜਾਂਦੇ ਹਨ।

**ਹਰਖ ਸੋਗ ਤੇ ਰਹਹਿ ਨਿਰਾਰਾ ॥**

**ਸਿਰ ਊਪਰਿ ਆਪਿ ਗੁਰੂ ਰਖਵਾਰਾ ॥੨ ॥**

ਕੰਮ ਚੰਗਾ ਹੋ ਜਾਵੇ, ਗਲਤ ਹੋ ਜਾਵੇ, ਠੀਕ ਹੋ ਜਾਵੇ ਤਦ ਜੋ ਜੀਵ ਹਰਖ ਅਤੇ ਸੋਗ ਵਿੱਚ ਵੀ ਮਾਲਿਕ ਉੱਪਰ ਭਰੋਸਾ ਰੱਖਦਾ ਹੈ ਸਤਿਗੁਰੂ ਉਸ ਦੇ ਸਿਰ ਉੱਪਰ ਮਿਹਰ ਭਰਿਆ ਹੱਥ ਰੱਖ ਕੇ ਉਸ ਦੇ ਸਾਰੇ ਕਾਰਜ ਰਾਸ ਕਰ ਦਿੰਦੇ ਹਨ। ਪਰ ਉਹ ਜੀਵ ਕਦੇ ਨਾ ਡੋਲੇ।

*ਨਾ ਤੁਮ ਡੋਲਹੁ ਨਾ ਹਮ ਗਿਰਤੇ*

*ਰਖਿ ਲੀਨੀ ਹਰਿ ਮੇਰੀ ॥੧ ॥ (ਅੰਗ 969)*

ਸੱਚੇ ਪਾਤਿਸ਼ਾਹੋ! ਅਸੀਂ ਕਦੇ ਨਾ ਡੋਲੀਏ ਅਤੇ ਤੁਸੀਂ ਆਪਣੇ ਬਿਰਦ ਦੀ ਲਾਜ ਰੱਖਦੇ ਹੋਏ ਸਾਡਾ ਬੇੜਾ ਪਾਰ ਕਰਿਓ।

**ਪਾਇਆ ਵੇੜੁ ਮਾਇਆ ਸਰਬ ਭੁਇਅੰਗਾ॥**

**ਹਉਮੈ ਪਚੈ ਦੀਪਕ ਦੇਖਿ ਪਤੰਗਾ॥**

ਇਹ ਮਾਇਆ ਦੁਨੀਆਂ ਵਿੱਚ ਸੱਪ (ਨਾਗਨੀ) ਦੀ ਤਰ੍ਹਾਂ ਹੈ। ਭੁਇਅੰਗਮ ਸੱਪ ਨੂੰ ਕਹਿੰਦੇ ਹਨ। ਇੱਕ ਨਿਵਲ ਭੁਇਅੰਗਮ ਸਾਧਨਾ ਹੁੰਦਾ ਹੈ ਜੋ ਸਰੀਰ ਦੇ ਵੱਖਰੇ ਵੱਖਰੇ ਹਿੱਸੇ ਕਰ ਦਿੰਦਾ ਹੈ। ਪਰ ਜਿਹੜੇ ਗੁਰੂ ਪਿਆਰੇ ਹੁੰਦੇ ਹਨ ਉਹ ਪਤੰਗੇ ਦੀ ਤਰ੍ਹਾਂ

*ਮੁਰਦਾ ਹੋਇ ਮੁਰੀਦ ਤਾ ਗੁਰ ਗ਼ੋਰ ਸਮਾਇ।*

ਆਪਾ ਮਾਰ ਕੇ ਫੇਰ ਭਗਤੀ ਵੱਲ ਤੁਰਦੇ ਹਨ ਤਦ ਬਖਸ਼ੇ ਜਾਂਦੇ ਹਨ। ਪਤੰਗਾ ਅੱਗ ਨੂੰ ਦੇਖ ਕੇ ਪਿੱਛੇ ਨਹੀਂ ਮੁੜਦਾ।

*ਕੋਈ ਪੂਛੇ ਪਤੰਗੇ ਸੇ ਜਾ ਕਰ*
*ਕਿਆ ਮਿਲਤਾ ਹੈ ਜਲ ਜਾਨੇ ਮੇਂ।*
*ਭਲਾ ਪ੍ਰੇਮ ਵਹਾਂ ਕਿਆ ਰਖਾ ਹੈ*
*ਜਹਾਂ ਮੌਤ ਪੜੀ ਸਿਰਹਾਨੇ ਮੇਂ।*

ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਲੋਕ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਅਵਤਾਰ ਪੁਰਬ 'ਤੇ ਪੜ੍ਹਿਆ ਜਾਂਦਾ ਹੈ ਕਿ

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ੨੦॥ (ਅੰਗ 1412)*

ਜੀਵ ਨੂੰ ਮਰਨ ਤੋਂ ਡਰਨਾ ਨਹੀਂ ਚਾਹੀਦਾ। ਕਿਉਂਕਿ

*ਆਸ਼ਿਕ ਆਸ਼ਿਕ ਹਰ ਕੋਈ ਆਖੇ*
*ਸਿਰ 'ਤੇ ਟੇਢੀ ਪਗੜੀ ਧਰ ਕੇ।*
*ਘਰ ਆਸ਼ਿਕ ਦੇ ਨੇਹੁ ਪਈ ਵਗਦੀ*
*ਪਹੁੰਚੇ ਤਾਰੂ ਤਰ ਕੇ।*
*ਸਿਰੋਂ ਪਰੇ ਆਸ਼ਿਕ ਦਾ ਵਿਹੜਾ*
*ਪਹੁੰਚੇਗਾ ਕੋਈ ਮਰ ਕੇ।*

ਆਪਾ ਮਾਰ ਕੇ ਹੀ ਉਸ ਨਦੀ ਨੂੰ ਪਾਰ ਕੀਤਾ ਜਾ ਸਕਦਾ ਹੈ।

**ਸਗਲ ਸੀਗਾਰ ਕਰੇ ਨਹੀ ਪਾਵੈ॥**

**ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ॥ ੩॥**

ਜੀਵ ਚਾਹੇ ਸੋਹਣੇ ਕੱਪੜੇ, ਗਹਿਣੇ, ਹੀਰੇ, ਜੁਆਹਰਾਤ, ਸੋਹਣੇ ਲਿਬਾਸ ਅਤੇ ਵਰਦੀਆਂ ਪਹਿਨ ਲਵੇ। ਪਰ ਜਦੋਂ ਮਾਲਿਕ ਖੁਸ਼ ਹੋਣ ਫੇਰ ਹੀ ਬਖਸ਼ਿਸ਼ ਹੁੰਦੀ ਹੈ।

**ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ॥**

**ਨਿਰਮੋਲਕੁ ਹੀਰਾ ਮਿਲੈ ਨ ਉਪਾਇਆ॥**

ਹਜ਼ੂਰ ਫੁਰਮਾਉਂਦੇ ਹਨ ਕਿ ਮੈਂ ਉਦਾਸ ਫਿਰਦਾ ਸੀ ਕਿ ਕਿਤਿਓਂ ਮੈਨੂੰ ਨਾਮ ਦਾ ਹੀਰਾ ਰਤਨ ਮਿਲ ਜਾਵੇ। ਉਸ ਮਾਲਿਕ ਨੇ ਆਪਣੇ ਆਪ ਕਿਰਪਾ ਕਰਕੇ ਮੇਰੀ ਝੋਲੀ ਵਿੱਚ ਰਹਿਮਤ ਦੇ ਖਜਾਨੇ, ਹੀਰੇ, ਲਾਲ, ਰਤਨ ਪਾ ਦਿੱਤੇ। ਅਗਰ ਮਾਲਿਕ ਨੂੰ ਰਹਿਮ ਆਵੇ ਤਦ ਨਾਮ ਦੀ ਦਾਤ ਮਿਲਦੀ ਹੈ। ਉਂਝ ਯਤਨ ਕਰਨ ਨਾਲ, ਭੱਜੇ ਫਿਰਨ ਨਾਲ, ਮਿਹਨਤ ਕਰਨ ਨਾਲ ਦੁਨਿਆਵੀ ਪੈਸੇ ਮਿਲ ਸਕਦੇ ਹਨ ਪਰ ਨਾਮ ਦੀ ਦਾਤ ਨਹੀਂ ਮਿਲਦੀ। ਇਹ ਦਾਤ ਮਾਲਿਕ ਦੇ ਤੁੱਠਣ, ਖੁਸ਼ ਹੋਣ ਅਤੇ ਮਿਹਰਬਾਨ ਹੋਣ ਨਾਲ ਹੀ ਮਿਲਦੀ ਹੈ।

**ਹਰਿ ਕਾ ਮੰਦਰੁ ਤਿਸੁ ਮਹਿ ਲਾਲੁ॥**

**ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ॥ ੪॥**

ਹਰ ਜੀਵ ਨੇ ਆਪਣੇ ਰਹਿਣ ਵਾਸਤੇ ਘਰ ਬਣਾਇਆ ਹੁੰਦਾ ਹੈ। ਇਸੇ ਤਰ੍ਹਾਂ ਉਸ ਮਾਲਿਕ ਨੇ ਵੀ ਆਪਣੇ ਰਹਿਣ ਵਾਸਤੇ ਜੀਵ ਦਾ ਸਰੀਰ ਬਣਾਇਆ ਹੈ। ਜੋ ਜੀਵ ਸਿਮਰਨ ਕਰਦਾ ਹੈ ਮਾਲਿਕ ਉਸ ਦੇ ਸਰੀਰ ਵਿੱਚ ਆ ਕੇ ਨਿਵਾਸ ਕਰਦੇ ਹਨ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਬਚਨ ਕੀਤੇ ਹਨ ਕਿ

*ਰਹਿਣੀ ਰਹੈ ਸੋ ਸਿਖ ਮੇਰਾ ਵੋਹ ਸਾਹਿਬ ਮੈ ਉਸ ਕਾ ਚੇਰਾ।*

ਤਥਾ

*ਰਹਿਤ ਬਿਨਾ ਨਾ ਸਿਖ ਕਹਾਵੈ,*
*ਰਹਿਤ ਬਿਨਾ ਨਰ ਚੋਟਾ ਖਾਵੈ॥*

ਤਥਾ

*ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹੀ॥*

ਜੋ ਜੀਵ ਰਹਿਤ ਵਿੱਚ ਰਹਿ ਕੇ ਸਿਮਰਨ ਕਰਦੇ ਹਨ ਹਜ਼ੂਰ ਉਹਨਾਂ ਦੇ ਸਰੀਰ ਅੰਦਰ ਆ ਕੇ ਡੇਰਾ ਲਾਉਂਦੇ ਹਨ ਅਰਥਾਤ ਨਿਵਾਸ ਕਰਦੇ ਹਨ।

**ਜਿਨਿ ਚਾਖਿਆ ਤਿਸੁ ਆਇਆ ਸਾਦੁ॥**

**ਜਿਉ ਗੂੰਗਾ ਮਨ ਮਹਿ ਬਿਸਮਾਦੁ॥**

ਹਜ਼ੂਰ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਗੂੰਗਾ ਮਠਿਆਈ ਖਾ ਕੇ ਦੱਸ ਨਹੀਂ ਸਕਦਾ ਕਿ ਉਸਦਾ ਸੁਆਦ ਕੀ ਹੈ? ਸ਼ੇਖ ਫਰੀਦ

ਸਾਹਿਬ ਜੀ ਦੀ ਮਾਂ ਨੇ ਪੁੱਛਿਆ ਸੀ ਕਿ ਪੁੱਤਰ! ਮੈਨੂੰ ਵੀ ਦੱਸ ਕਿ ਉਸ ਨਾਮ ਦੀ ਬਖਸ਼ਿਸ਼ ਦਾ ਸੁਆਦ ਕਿਸ ਤਰ੍ਹਾਂ ਹੈ? ਤਾਂ ਸ਼ੇਖ ਫਰੀਦ ਸਾਹਿਬ ਜੀ ਨੇ ਉੱਤਰ ਦਿੱਤਾ ਸੀ ਕਿ

*ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥*

*ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥ ੨੭॥*

*(ਅੰਗ 1379)*

ਇਨਸਾਨ ਰੱਬ ਦੇ ਨਾਮ ਦਾ ਅਤੇ ਗੁਰਬਾਣੀ ਦਾ ਸੁਆਦ ਬਾਹਰਮੁੱਖ ਅੱਜਤੱਕ ਨਹੀਂ ਦੱਸ ਸਕਿਆ। ਇਸ ਤਰ੍ਹਾਂ ਨਾਮ ਦੀ ਦਾਤ ਵੀ ਦੱਸੀ ਨਹੀਂ ਜਾਂਦੀ।

**ਆਨਦ ਰੂਪੁ ਸਭੁ ਨਦਰੀ ਆਇਆ॥**

**ਜਨ ਨਾਨਕ ਹਰਿ ਗੁਣ ਆਖਿ ਸਮਾਇਆ॥ ੫॥੧॥**

ਜੋ ਜੀਵ ਸਿਮਰਨ ਕਰਦਾ ਹੈ ਉਸ ਨੂੰ ਅੰਦਰ ਸਾਰੀਆਂ ਤਾਕਤਾਂ ਦੇ ਸਰੂਪ ਦੇ ਦਰਸ਼ਨ ਹੁੰਦੇ ਹਨ। ਇਸੇ ਕਰਕੇ ਗੁਰਬਾਣੀ ਵਿੱਚ ਦਰਜ ਹੈ ਕਿ

*ਬਾਹਰਿ ਢੂਢਨ ਤੇ ਛੂਟਿ ਪਰੇ*

*ਗੁਰਿ ਘਰ ਹੀ ਮਾਹਿ ਦਿਖਾਇਆ ਥਾ॥੧॥ (ਅੰਗ 1002)*

ਉਹ ਮਾਲਿਕ ਇਸ ਦੇਹ ਵਿੱਚ ਹੀ ਸਾਰੀਆਂ ਰਹਿਮਤਾਂ ਦਿਖਾ ਦਿੰਦੇ ਹਨ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਮੁੱਕਦੀ ਗੱਲ ਇਹ ਹੈ ਕਿ

*ਗੁਝੀ ਛੰਨੀ ਨਾਹੀ ਬਾਤ॥*

*ਗੁਰੁ ਨਾਨਕੁ ਤੁਠਾ ਕੀਨੀ ਦਾਤਿ॥ ੪॥ (ਅੰਗ 396)*

ਤਥਾ

*ਸੋਧਤ ਸੋਧਤ ਸੋਧਿ ਬੀਚਾਰਾ॥*

*ਬਿਨੁ ਹਰਿ ਭਜਨ ਨਹੀ ਛੁਟਕਾਰਾ॥ (ਅੰਗ 260)*

ਜਦੋਂ ਤੱਕ ਅਸੀਂ ਸਿਮਰਨ ਨਹੀਂ ਕਰਾਂਗੇ ਉਦੋਂ ਤੱਕ ਚੁਰਾਸੀ ਦੇ ਚੱਕਰ ਚੋਂ ਖਲਾਸੀ ਨਹੀਂ ਹੋਣੀ ਅਤੇ ਨਾ ਹੀ ਹਜ਼ੂਰ ਦੀ ਬਖਸ਼ਿਸ਼ ਹੋਣੀ ਹੈ।

# ਸਤਿਸੰਗ

**॥ ਸਲੋਕ ਮ: ੩ ॥ (ਅੰਗ 950)**

**ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਅਤੇ ਅਸੀਂ ਵੀ ਤੁਹਾਨੂੰ ਬਹੁਤ ਵਾਰ ਦੱਸਿਆ ਹੈ ਕਿ

*ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥*

*(ਅੰਗ 956)*

ਜਦੋਂ ਅਸੀਂ ਦਰਜੀ ਨੂੰ ਵਸਤਰ ਸਿਉਣ ਲਈ ਕੱਪੜਾ ਦਿੰਦੇ ਹਾਂ। ਉਹ ਉਸ ਨੂੰ ਕੱਟਦਾ ਹੈ ਤਦ ਅਸੀਂ ਸੋਚਦੇ ਹਾਂ ਕਿ ਇਸ ਨੇ ਸਾਡੇ ਕੱਪੜੇ ਦੀ ਜੜ੍ਹ ਵੱਢ ਦਿੱਤੀ ਹੈ, ਸੱਤਿਆਨਾਸ ਕਰ ਦਿੱਤਾ ਹੈ। ਪਰ ਫੇਰ ਜਦੋਂ ਉਸ ਕੱਟੇ ਹੋਏ ਕੱਪੜੇ ਨੂੰ ਆਪਣੇ ਹੁਨਰ ਮੁਤਾਬਿਕ ਜੋੜ ਕੇ ਕੋਟ, ਪੈਂਟ ਜਾਂ ਪਜਾਮਾ ਕਮੀਜ ਬਣਾਉਂਦਾ ਹੈ ਤਾਂ ਉਹ ਬਹੁਤ ਵਧੀਆ ਲੱਗਦਾ ਹੈ।

ਹਜ਼ੂਰ ਫੁਰਮਾਉਂਦੇ ਹਨ ਕਿ ਜਿਸ ਬਚਨ ਵਿੱਚ ਸੱਚ ਹੋਵੇਗਾ ਅਤੇ ਅਸੀਂ ਸੱਚ ਰੂਪੀ ਗੁਰਬਾਣੀ ਨੂੰ ਧਿਆਵਾਂਗੇ ਫੇਰ ਸਾਡਾ ਪਾਰ ਉਤਾਰਾ ਹੋਣਾ ਹੈ ਕਿਉਂਕਿ ਗੁਰਬਾਣੀ ਤਾਂ ਸਾਰੇ ਜੁਗਾਂ ਵਿੱਚ ਵਿਆਪਕ ਹੈ ਉਹ ਤਾਂ

*ਆਦਿ ਸਚੁ ਜੁਗਾਦਿ ਸਚੁ॥*

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥ (ਅੰਗ 1)*

ਫੇਰ ਜਿਸ ਤਰ੍ਹਾਂ ਇੰਟਰਨੈਸ਼ਨਲ ਡਰਾਫਟ ਸਾਰੇ ਦੇਸ਼ਾਂ ਵਿੱਚ ਚੱਲ ਜਾਂਦਾ ਹੈ ਇਸ ਤਰ੍ਹਾਂ ਸੱਚ ਕਿਸੇ ਵੀ ਜੁਗ ਦਾ ਹੋਵੇ, ਕਿਸੇ ਦੇਸ਼ ਵਿੱਚ ਹੋਵੇ ਉਹ ਕਦੇ ਵੀ ਛੁਪਦਾ ਨਹੀਂ ਹੈ।

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥ (ਅੰਗ 953)*

ਝੂਠ ਦੇ ਬੱਦਲ ਖਤਮ ਹੋ ਸਕਦੇ ਹਨ ਪਰ ਸੱਚ ਨੂੰ ਆਂਚ ਨਹੀਂ ਆ ਸਕਦੀ।

**ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ॥**

ਇਨਸਾਨ ਸਿਮਰਨ ਕਰਕੇ ਪਤਾ ਕਰ ਸਕਦਾ ਹੈ ਕਿ ਜੋ ਵੀ

ਹੋਇਆ ਹੈ ਮਾਲਿਕ ਦੇ ਹੁਕਮ ਵਿੱਚ ਹੀ ਹੋਇਆ ਹੈ। ਜੇ ਹੁਕਮ ਵਿੱਚ ਹੋਇਆ ਹੈ ਤਾਂ ਇਹ ਕਿਸ ਦੀ ਗਲਤੀ ਨਾਲ ਵਾਪਰਿਆ ਹੈ ਜਾਂ ਇਸ ਬਾਰੇ ਕੋਈ ਸ਼ੰਕਾ ਨਹੀ ਕਿ ਇਹ ਕਿਉਂ ਹੋਇਆ ਹੈ। ਜਿਸ ਤਰ੍ਹਾਂ ਬਾਲਾ, ਮਰਦਾਨਾ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਸਨ। ਉਹਨਾਂ ਨੇ ਭੋਜਨ ਕਰਨ ਲਈ ਫੁਲਕਾ ਮੰਗਿਆ ਤਾਂ ਅੱਗੋਂ ਬੀਬੀਆਂ ਨੇ ਕਿਹਾ ਕਿ ਤੁਸੀਂ ਹੱਟੇ ਕੱਟੇ ਹੋ ਖੁਦ ਕਮਾਈ ਕਰਕੇ ਖਾਵੋ। ਉਹ ਬੀਬੀਆਂ ਉਸ ਵੇਲੇ ਸਿਰ ਵਾਹ ਰਹੀਆਂ ਸਨ, ਸਿੰਧੂਰ ਲਗਾ ਰਹੀਆਂ ਸਨ, ਹਾਰ ਸ਼ਿੰਗਾਰ ਕਰ ਰਹੀਆਂ ਸਨ। ਜਦੋਂ ਬਾਲੇ ਮਰਦਾਨੇ ਨੇ ਆ ਕੇ ਦੱਸਿਆ ਤਾਂ ਹਜ਼ੂਰ ਪੁੱਛਣ ਲੱਗੇ ਉਹ ਬੀਬੀਆਂ ਕੀ ਕਰ ਰਹੀਆਂ ਸਨ? ਬਾਲੇ, ਮਰਦਾਨੇ ਨੇ ਦੱਸਿਆ ਕਿ ਉਹ ਮੀਡੀਆਂ ਗੁੰਦ ਰਹੀਆਂ ਸਨ, ਹਾਰ ਸ਼ਿੰਗਾਰ ਕਰ ਰਹੀਆਂ ਸਨ ਤਾਂ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਛੱਡ ਦਿੱਤੇ ਕਿ

*ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥*
*ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ॥*
*(ਅੰਗ 417)*

ਤਥਾ

*ਪਾਪ ਕੀ ਜੰਞ ਲੈ ਕਾਬਲਹੁ ਧਾਇਆ*
*ਜੋਰੀ ਮੰਗੈ ਦਾਨੁ ਵੇ ਲਾਲੋ॥*
*ਸਰਮੁ ਧਰਮੁ ਦੁਇ ਛਪਿ ਖਲੋਏ*
*ਕੂੜੁ ਫਿਰੈ ਪਰਧਾਨੁ ਵੇ ਲਾਲੋ॥ (ਅੰਗ 722)*

ਤਦ ਸੰਤਾਂ ਦੇ ਮੂੰਹੋਂ ਨਿਕਲੇ ਹੋਏ ਬਚਨਾਂ ਕਾਰਨ ਐਕਸ਼ਨ ਹੋ ਗਿਆ ਕਿਉਂਕਿ

*ਸਾਧੂ ਬੋਲੇ ਸਹਿਜ ਸੁਭਾਅ।*
*ਸਾਧ ਕਾ ਬੋਲਾ ਬਿਰਥਾ ਨਾ ਜਾਹ।*

ਉਹ ਪੂਰਨ ਤਾਕਤ ਸਨ। ਹਜ਼ੂਰ ਫੁਰਮਾਉਂਦੇ ਹਨ ਕਿ ਜਿਹੜਾ ਜੀਵ ਇਹ ਸਮਝ ਜਾਂਦਾ ਹੈ ਕਿ ਸਭ ਕੁਝ ਭਾਵੀ ਨੇ ਲਿਖਿਆ ਹੈ

*ਕਹੇ ਨਾਰਦ ਹੋਣੀ ਪ੍ਰਬਲ*
*ਕਰਮ ਗਤ ਟਾਰੈ ਨਹੀ ਟਰੇ।*
*ਰਿਸ਼ੀ ਮੁਨੀ ਵਸ਼ਿਸ਼ਟ ਸਭ ਜੋਗੀ*
*ਸੋਧ ਕੇ ਲਗਨ ਧਰੇ।*
*ਸੀਤਾ ਹਰਣ ਮਰਣ ਦਸ਼ਰਥ ਕਾ*
*ਬਨ ਬਨ ਬਿਪਤਿ ਪਰੇ।*
*ਪਾਂਡਵ ਜਿਨਕੇ ਆਪ ਸਾਰਥੀ*
*ਤਾ ਪਰ ਬਿਪਤ ਪਰੇ।*

ਅਸੀਂ ਮੂਲ ਰੂਪ ਵਿੱਚ ਹਿੰਦੂ ਹਾਂ। ਹਿੰਦੂ ਮੱਤ ਵਿੱਚ ਲਿਖਿਆ ਗਿਆ ਹੈ ਕਿ ਹੋਣੀ ਪ੍ਰਬਲ ਹੈ, ਐਕਸ਼ਨ ਕਰਦੀ ਹੈ।

ਹਜ਼ੂਰ ਤੀਸਰੇ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਭਾਵੇਂ ਉਹ ਕਿਸੇ ਪੂਰਨ ਸੰਤਾਂ ਦੇ ਬਚਨ ਛੱਡਣ ਨਾਲ ਵਾਪਰਿਆ ਜਾਂ ਕੁਦਰਤੀ ਹੀ ਵਾਪਰਨਾ ਸੀ ਉਹ ਜਰੂਰ ਹੋਇਆ।

**ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ॥**

ਸਾਡੇ ਵਰਗੇ ਜੀਵ ਕਥਾ ਕਰਦੇ ਹਨ, ਕਿ ਮੈਂ ਬਹੁਤ ਠੀਕ ਕੰਮ ਕਰ ਰਿਹਾ ਹਾਂ। ਲੇਕਿਨ ਉਹਨਾਂ ਨੂੰ ਹੁਕਮ ਦਾ ਪਤਾ ਨਹੀਂ ਹੁੰਦਾ ਕਿ ਪਿੱਛੇ ਹੁਕਮ ਕੀ ਹੈ।

ਸਾਡੇ ਬਰਖਿਲਾਫ਼ ਅਤੰਕਵਾਦ ਦੇ ਸਮੇਂ ਵਿੱਚ ਬਹੁਤ ਕੁਝ ਹੋਇਆ। ਸਾਡੇ ਹਜ਼ੂਰ ਧਿਆਨਪੁਰ ਵਾਲਿਆਂ ਨੇ ਜਦੋਂ ਉੱਦੋਵਾਲੀ ਸਤਿਸੰਗ ਕੀਤਾ ਸੀ, ਉਸ ਤੋਂ ਪਹਿਲਾਂ ਸਿੱਖ ਧਰਮ ਵਾਲੇ ਸਾਰੀ ਦੁਨੀਆਂ ਵਿੱਚ ਕਿਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਕਥਾ ਨਹੀਂ ਕਰਦੇ ਸਨ। ਉਦੋਂ ਭਾਈ ਗੁਰਦਾਸ ਜੀ ਦੀਆਂ ਵਾਰਾਂ, ਸੂਰਜ ਪ੍ਰਕਾਸ਼ ਜਾਂ ਦੂਸਰੇ ਇਤਿਹਾਸ ਤੋਂ ਕਥਾ ਕਰਦੇ ਸਨ। ਉਹ ਉਹਨਾਂ ਤੋਂ ਕਥਾ, ਵਿਆਖਿਆ ਕਰਕੇ ਆਪਣੇ ਆਪ ਨੂੰ ਬਹੁਤ ਮਹਾਨ ਸਮਝਦੇ ਸਨ। ਭਾਈ ਸੰਤ ਸਿੰਘ ਮਸਕੀਨ ਵਰਗਿਆਂ ਨੂੰ ਬਹੁਤ ਵੱਡੇ ਵੱਡੇ ਖਿਤਾਬ ਅਤੇ ਪੁਰਸਕਾਰ ਦਿੱਤੇ ਗਏ। ਪਰ ਹੁਣ ਉਹਨਾਂ ਸਭ ਨੂੰ ਪਤਾ ਲੱਗ ਗਿਆ ਹੈ ਕਿ ਅਸੀਂ ਜੋ ਵੀ ਬਚਨ ਕਰਦੇ ਹਾਂ ਗੁਰਬਾਣੀ ਨੂੰ ਮੁੱਖ ਰੱਖ ਕੇ ਕਰਦੇ ਹਾਂ। ਲੇਕਿਨ ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਾਰੇ ਜੀਵ ਜੁਬਾਨੀ ਜਮ੍ਹਾ ਖਰਚ ਕਰਕੇ ਇਹ ਕਹਿੰਦੇ ਹਨ ਕਿ ਸਾਡਾ ਕੰਮ ਸਭ ਤੋਂ ਉੱਤਮ ਹੈ।

**ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ**
**ਵਿਣੁ ਮੰਨੇ ਕਚੁ ਨਿਕਚੁ॥ ੧॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਹੜੇ ਜੀਵ ਮਾਲਿਕ ਦੇ ਭਾਣੇ ਨੂੰ ਮੰਨਦੇ ਹਨ ਉਹ ਸੱਚੇ ਹਨ। ਇਹ ਸ਼ਬਦ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦਾ ਉਚਾਰਨ ਕੀਤਾ ਹੋਇਆ ਹੈ। ਅਸੀਂ ਲੋਕ ਭਾਣੇ ਨੂੰ ਮੰਨਣ ਲਈ ਤਿਆਰ ਨਹੀਂ ਹਾਂ ਅਤੇ ਨਾ ਹੀ ਅਸੀਂ ਮੰਨ ਸਕਦੇ ਹਾਂ, ਨਾ ਹੀ ਅਸੀਂ ਪਰਖ ਦੇ ਸਕਦੇ ਹਾਂ।

ਜਦੋਂ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੂੰ ਤੱਤੀਆਂ ਲੋਹਾਂ ਉੱਪਰ ਬਿਠਾਇਆ ਗਿਆ ਤਾਂ ਸਾਈਂ ਮੀਆਂ ਮੀਰ ਜੀ ਕਹਿਣ ਲੱਗੇ ਹਜ਼ੂਰ ਅਗਰ ਹੁਕਮ ਹੋਵੇ ਤਾਂ ਮੈਂ ਦਿੱਲੀ ਅਤੇ ਲਹੌਰ ਦੀ ਇੱਟ ਨਾਲ ਇੱਟ ਖੜਕਾ ਦਿਆਂ? ਤਦ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਕਿ

*ਸੁਣ ਮੀਆਂ ਗੁੱਸਾ ਨਹੀਂ ਕਰੀਦਾ,*
*ਰੱਬ ਦੀ ਰਜ਼ਾ 'ਚ ਰਹਿ ਕੇ ਸਭ ਕੁਝ ਜਰੀਦਾ।*

*ਪੰਜ ਤੱਤ ਪਿੰਜਰੇ ਨੇ ਸਦਾ ਨਹੀਂ ਰਹਿਣਾ,*
*ਐਵੇਂ ਕਾਹਨੂੰ ਗੁੱਸੇ ਕਰੀਏ ਖ਼ੁਦਾ।*

ਸਾਈ ਮੀਆਂ ਮੀਰ ਜੀ ਕਹਿਣ ਲੱਗੇ ਹਜ਼ੂਰ! ਫੇਰ ਅਸੀਂ ਕੀ ਕਰੀਏ? ਹਜ਼ੂਰ ਨੇ ਫ਼ੁਰਮਾਨ ਕੀਤਾ ਕਿ ਤੁਸੀਂ ਕਹੋ ਹਜ਼ੂਰ!

*ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਾਰਥੁ ਨਾਨਕ ਮਾਂਗੈ॥ ੨॥*

*(ਅੰਗ 394)*

ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਹੀ ਤੱਤੀਆਂ ਲੋਹਾਂ ਉੱਪਰ ਬੈਠ ਕੇ ਤੱਤੀ ਰੇਤ ਸੀਸ ਵਿੱਚ ਪੁਆ ਲਈ। ਹੋਰ ਕਿਸੇ ਬੰਦੇ ਦੀ ਜੁਅਰਤ ਨਹੀਂ ਸੀ ਕਿ ਉਹ ਦੇਗਾਂ ਵਿੱਚ ਉੱਬਲ ਸਕੇ ਜਾਂ ਤੱਤੀਆਂ ਲੋਹਾਂ ਤੇ ਬੈਠ ਕੇ ਗਰਮ ਰੇਤ ਸਿਰ ਵਿੱਚ ਪੁਆ ਕੇ ਸੀ ਨਾ ਕਰੇ। ਇਹ ਸਭ ਤਾਕਤਾਂ ਹੀ ਸਹਿਣ ਕਰ ਸਕਦੀਆਂ ਹਨ। ਭਾਣਾ ਮੰਨਣ ਵਾਲੇ ਨੂੰ ਬਹੁਤ ਮੁਸ਼ਕਿਲ ਅਤੇ ਕਠਿਨਾਈ ਆਉਂਦੀ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਜੋ ਵੀ ਭਾਣੇ ਨੂੰ ਮੰਨ ਕੇ ਸੱਚ ਉੱਪਰ ਤੁਰਦਾ ਹੈ ਉਹ ਬਹੁਤ ਹੀ ਉੱਚੀ ਸੁੱਚੀ ਆਤਮਾ ਅਤੇ ਗੁਰਸਿੱਖ ਹੁੰਦਾ ਹੈ।

# ਸਤਿਸੰਗ

**ਧਨਾਸਰੀ ਬਾਣੀ ਭਗਤ ਕਬੀਰ ਜੀ ਕੀ**

**(ਅੰਗ 692)**

**ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਕਬੀਰ ਸਾਹਿਬ ਜੀ ਮਹਾਰਾਜ ਪੂਰਨ ਸੰਤ ਸਤਿਗੁਰੂ ਸਾਡੇ ਹਿੱਤ ਵਾਸਤੇ ਸਾਨੂੰ ਸਿੱਖਿਆ ਬਖਸ਼ ਰਹੇ ਹਨ ਕਿ ਐ ਜੀਵ! ਤੂੰ ਰਾਮ ਦਾ ਸਿਮਰਨ ਕਰ। ਇਸ ਰਾਮ ਨਾਮ ਨੇ ਹੀ ਬੋਹਿਥ ਅਤੇ ਬੇੜਾ ਬਣਨਾ ਹੈ। ਜਿਹੜਾ ਇਸ ਰਾਮ ਨਾਮ ਦੀ ਬੇੜੀ ਵਿੱਚ ਚੜੇਗਾ ਉਹੋ ਹੀ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ ਭਵਸਾਗਰ ਤੋਂ ਪਾਰ ਉਤਾਰਾ ਕਰ ਸਕੇਗਾ। ਇਸੇ ਕਰਕੇ ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ

*ਅੰਧ ਕੂਪ ਮਹਾ ਭਇਆਨ*
*ਨਾਨਕ ਪਾਰਿ ਉਤਾਰ॥ ੩॥ (ਅੰਗ 1273)*

ਦੁਨੀਆਂ ਦੇ ਇਸ ਅੰਨੇ ਖੂਹ ਵਿਚੋਂ ਪਾਰ ਉਤਾਰਾ ਕਰਨ ਲਈ ਰਾਮ ਨਾਮ ਦਾ ਜਾਪ ਬਹੁਤ ਜਰੂਰੀ ਹੈ।

**ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ॥ ੧॥ ਰਹਾਉ॥**

ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਵੱਡੇ ਵੱਡੇ ਤੈਰਾਕ ਵੀ ਡੁੱਬ ਗਏ।

*ਜਿਹਨਾਂ ਰੱਬ ਨੂੰ ਤੀਰ ਚਲਾਏ*
*ਉਹ ਵੀ ਜਾਂਦੇ ਨਜਰ ਨਹੀਂ ਆਏ।*

ਚਾਹੇ ਕਿੰਨਾ ਵੀ ਕੋਈ ਵੱਡਾ ਯੋਧਾ, ਸੂਰਮਾ ਜਾਂ ਭਗਤ ਹੋਇਆ ਹੈ ਸਾਰੇ ਹੀ ਰਾਮ ਦੇ ਨਾਮ ਦੇ ਸਿਮਰਨ ਤੋਂ ਬਗੈਰ ਖਤਮ ਹੋ ਗਏ। ਉਹ ਆਪਣੀ ਮੌਤ ਨਾਲ ਨਹੀਂ ਮਰ ਸਕਦੇ ਉਹਨਾਂ ਦੀ ਮੌਤ ਅੱਗ ਨਾਲ ਸੜ ਕੇ ਜਾਂ ਪਾਣੀ ਵਿੱਚ ਡੁੱਬ ਕੇ ਜਾਂ ਗੋਲੀ ਵੱਜ ਕੇ ਹੀ ਹੁੰਦੀ ਹੈ ਭਾਵ ਉਹ ਅਵਗਤ ਮੌਤ ਮਰਦੇ ਹਨ। ਪਰ ਰਾਮ ਨਾਮ ਸਿਮਰਨ ਵਾਲਿਆਂ ਨੂੰ ਕੋਈ ਆਂਚ ਨਹੀਂ ਆਉਂਦੀ।

**ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ॥**

ਧੀਆਂ, ਪੁੱਤਰ, ਪੋਤਰੇ, ਦੋਹਤਰੇ ਅਤੇ ਜਵਾਈ ਆਦਿ ਸਾਰੇ ਰਿਸ਼ਤੇ ਜਿੰਨੇ ਵੀ ਇਸ ਸਮਾਜ ਵਿੱਚ ਹੁੰਦਿਆਂ ਬਣਦੇ ਹਨ ਉਹ ਸਾਰਿਆਂ ਬਾਰੇ ਹਜ਼ੂਰ ਨੌਵੇਂ ਪਾਤਿਸ਼ਾਹ ਜੀ ਨੇ ਗੁਰਬਾਣੀ ਵਿੱਚ ਦਰਜ ਕੀਤਾ ਹੈ ਕਿ

*ਪ੍ਰੀਤਮ ਜਾਨਿ ਲੇਹੁ ਮਨ ਮਾਹੀ॥*
*ਅਪਨੇ ਸੁਖ ਸਿਉ ਹੀ ਜਗੁ ਫਾਂਧਿਓ*
*ਕੋ ਕਾਹੂ ਕੋ ਨਾਹੀ॥ ੧॥ ਰਹਾਉ॥*
*ਸੁਖ ਮੈ ਆਨਿ ਬਹੁਤੁ ਮਿਲਿ ਬੈਠਤ*
*ਰਹਤ ਚਹੂ ਦਿਸਿ ਘੇਰੈ॥*
*ਬਿਪਤਿ ਪਰੀ ਸਭ ਹੀ ਸੰਗੁ ਛਾਡਿਤ*
*ਕੋਊ ਨ ਆਵਤ ਨੇਰੈ॥ ੧॥*

ਇਥੋਂ ਤੱਕ ਕਿ

*ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ*
*ਸਦਾ ਰਹਤ ਸੰਗ ਲਾਗੀ॥*

*ਜਬ ਹੀ ਹੰਸ ਤਜੀ ਇਹ ਕਾਂਇਆ*

*ਪ੍ਰੇਤ ਪ੍ਰੇਤ ਕਰਿ ਭਾਗੀ॥੨॥ (ਅੰਗ 634)*

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਖੀਰਲੇ ਸਮੇਂ ਸਿਰਫ਼ ਰਾਮ ਨਾਮ ਨੇ ਹੀ ਸਾਡੇ ਕੰਮ ਆਉਣਾ ਹੈ ਹੋਰ ਕਿਸੇ ਨੇ ਕੰਮ ਨਹੀਂ ਆਉਣਾ।

**ਇਨ੍ ਮੈ ਕਛੁ ਨਾਹਿ ਤੇਰੋ ਕਾਲ ਅਵਧ ਆਈ॥ ੧॥**

ਹਜ਼ੂਰ ਫੁਰਮਾਉਂਦੇ ਹਨ ਕਿ ਜਦੋਂ ਮੌਤ ਦਾ ਸਮਾਂ ਆਉਣਾ ਹੈ ਉਦੋਂ ਇਹਨਾਂ ਵਿਚੋਂ ਕਿਸੇ ਨੇ ਵੀ ਤੇਰੇ ਨਾਲ ਨਹੀਂ ਜਾਣਾ।

ਜਦੋਂ ਗੁਰਬਾਣੀ ਦੀ ਰਚਨਾ ਹੋਈ ਉਦੋਂ ਵਾਹਿਗੁਰੂ ਸ਼ਬਦ ਕਿਤੇ ਵੀ ਨਹੀਂ ਸੀ। ਇਹ ਸ਼ਬਦ ਭੱਟਾਂ ਨੇ ਉਚਾਰਨ ਕੀਤਾ ਹੈ। ਗੁਰਬਾਣੀ ਵਿੱਚ ਉਸ ਤਾਕਤ ਨੂੰ ਦਮੋਦਰ, ਮਾਧੋ, ਰਮਈਆ, ਗੁਸਈਆ ਕਹਿ ਕੇ ਪੁਕਾਰਿਆ ਹੈ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਉਸ ਤਾਕਤ ਨੂੰ ਅਕਾਲ ਉਸਤਿਤ ਵਿੱਚ ਦਸ ਹਜਾਰ ਨਾਵਾਂ ਨਾਲ ਪੁਕਾਰਿਆ ਹੈ। ਲੇਕਿਨ ਇਹ ਬੋਲਾ ਬਾਅਦ ਵਿੱਚ ਖਾਲਸੇ ਵਿੱਚ ਜੋਸ਼ ਭਰਨ ਲਈ ਬਣਾਇਆ ਗਿਆ ਸੀ। ਭੱਟਾਂ ਨੇ ਸਵੱਯੇ ਵਿੱਚ ਵਾਹਿਗੁਰੂ ਦਾ ਜਿਕਰ ਕੀਤਾ ਤਦ ਵਾਹਿਗੁਰੂ ਬੋਲਿਆ ਜਾਂਦਾ ਹੈ।

**ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ॥**

ਅਜਾਮਲ ਰਾਜਗੁਰੂ ਸੀ। ਉਸ ਨੇ ਆਪਣੇ ਸਤਿਗੁਰ ਦਾ ਬਚਨ ਨਹੀਂ ਮੰਨਿਆ ਅਤੇ ਜਿਧਰ ਜਾਣ ਤੋਂ ਰੋਕਿਆ ਸੀ ਉਸ ਰਸਤੇ ਚਲਾ ਗਿਆ। ਉਥੇ ਵੇਸਵਾ ਦੇ ਚੁੰਗਲ ਵਿੱਚ ਫਸ ਗਿਆ। ਬਾਦਸ਼ਾਹ ਨੇ ਰਾਜਗੁਰੂ ਦੀ ਪਦਵੀ ਤੋਂ ਹਟਾ ਕੇ ਦੇਸ਼ ਨਿਕਾਲਾ ਦੇ ਦਿੱਤਾ। ਉਹ ਜੰਗਲਾਂ ਵਿੱਚ ਚਲਾ ਗਿਆ। ਉੱਥੇ ਉਸ ਨੇ ਜੀਵ ਜੰਤੂ ਮਾਰ ਕੇ ਖਾਣੇ ਸ਼ੁਰੂ ਕਰ ਦਿੱਤੇ ਜਿਸ ਕਰਕੇ ਉਹ ਪਾਪੀ ਅਖਵਾਇਆ। ਪਰ ਜਦੋਂ ਸੰਤਾਂ ਦੇ ਬਚਨ ਮੰਨ ਕੇ ਉਸ ਨੇ ਆਪਣੇ ਪੁੱਤ ਦਾ ਨਾਮ ਨਰਾਇਣ ਰੱਖਿਆ ਤਾਂ ਉਹ ਬਖਸ਼ਿਆ ਗਿਆ।

ਗਣਕਾ ਵੇਸਵਾ ਤੋਤੇ ਕੋਲੋਂ ਰਾਮ ਨਾਮ ਸੁਣ ਕੇ ਬਖਸ਼ੀ ਗਈ। ਹਾਥੀ ਨੂੰ ਕੋਈ ਭਾਸ਼ਾ ਨਹੀਂ ਆਉਂਦੀ ਪਰ ਜਦੋਂ ਉਹ ਚਿੰਘਾੜਦਾ ਹੈ ਉਹ ਆਪਣੇ ਮਾਲਿਕ ਨੂੰ ਚੇਤੇ ਕਰ ਰਿਹਾ ਹੁੰਦਾ ਹੈ। ਜਦੋਂ ਹਾਥੀ ਨੇ ਫੁੱਲ ਤੋੜ ਕੇ ਆਪਣੇ ਇਸ਼ਟ ਵੱਲ ਸੁੱਟਿਆ ਤਦ ਤੰਦੂਏ ਦੀਆਂ ਤਾਰਾਂ ਕੱਟੀਆਂ ਗਈਆਂ ਅਤੇ ਉਹ ਬਖਸ਼ਿਆ ਗਿਆ।

**ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ॥ ੨॥**

ਇੰਝ ਉਹ ਸਾਰੇ ਰਾਮ ਨਾਮ ਦਾ ਜਾਪ ਕਰਕੇ ਇਸ ਦੁਨੀਆਂ ਦੇ ਭਵਸਾਗਰ ਵਿਚੋਂ ਪਾਰ ਉਤਾਰਾ ਕਰ ਗਏ।

**ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ॥**

ਸੂਰ, ਕੁੱਤੇ ਅਤੇ ਬਿੱਲੇ ਦੇ ਜਨਮਾਂ ਵਿਚੋਂ ਆ ਕੇ ਜੀਵ ਨੂੰ ਭਰਮਾਂ ਵਿੱਚ ਪੈ ਕੇ ਕੋਈ ਸ਼ਰਮ ਨਹੀਂ ਆਈ। ਹਜ਼ੂਰ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਅਗਰ ਮਾਲਿਕ ਦੀ ਬਖਸ਼ਿਸ਼ ਸਦਕਾ ਤੈਨੂੰ ਮਾਨਸ ਜਨਮ ਮਿਲਿਆ ਹੈ ਕਿਉਂਕਿ

*ਲਖ ਚਉਰਾਸੀਹ ਜੋਨਿ ਸਬਾਈ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ॥*
*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ॥ ੨॥*

*(ਅੰਗ 1075)*

ਅਗਰ ਮਾਨਸ ਜਨਮ ਵਿੱਚ ਭਗਤੀ ਨਾ ਕੀਤੀ ਫੇਰ ਮਾਨਸ ਜਨਮ ਦਾ ਕੋਈ ਫਾਇਦਾ ਨਹੀਂ ਹੋਣਾ। ਅਸੀਂ ਰੱਬ ਦਾ ਨਾਮ ਲੈਣ ਲੱਗੇ ਝਿਜਕਦੇ ਹਾਂ ਕਿ ਇਸ ਨੇ ਅੱਲਾਹ ਜਾਂ ਵਾਹਿਗੁਰੂ ਜਾਂ ਰਾਮ ਜਾਂ ਗਾਡ ਕਿਉਂ ਕਹਿ ਦਿੱਤਾ, ਸਤਿਨਾਮੁ ਕਿਉਂ ਕਹਿ ਦਿੱਤਾ ਹੈ। ਇਸ ਬਾਰੇ ਸੋਚ ਕੇ ਅਸੀਂ ਕਹਿੰਦੇ ਹਾਂ ਕਿ ਸਾਡਾ ਮਜਹਬ ਬਚਦਾ ਨਹੀਂ ਹੈ। ਕਾਮਰੇਡਾ ਨੇ ਕਵਿਤਾ ਲਿਖੀ ਹੈ ਕਿ

*ਜੇ ਬੰਨ੍ਹੀ ਕਿਸੇ ਸਾੜ੍ਹੀ ਤਾਂ ਮਜਹਬ ਨੂੰ ਖਤਰਾ,*
*ਜੇ ਬੰਨ੍ਹੀ ਕਿਸੇ ਦਾੜ੍ਹੀ ਤਾਂ ਮਜਹਬ ਨੂੰ ਖਤਰਾ।*
*ਰਾਮੂ ਨਾਲ ਚਮਿਆਰ ਛੂਹ ਗਿਆ,*
*ਲਓ ਮਜਹਬ ਦਾ ਹੀ ਬੇੜਾ ਗਰਕ ਹੋ ਗਿਆ।*
*ਮਜਹਬ ਨਾ ਹੋਇਆ ਹੋਈ ਮੋਮਬੱਤੀ,*
*ਪਿਘਲ ਗਿਆ ਫੌਰਨ ਜੇ ਲੱਗੀ ਵਾ ਤੱਤੀ।*

ਸੋਈ ਮੰਨੂੰ ਨੇ ਜਾਂ ਹੋਰ ਕਈਆਂ ਨੇ ਸਾਡੇ ਸਮਾਜ ਵਿੱਚ ਬਹੁਤ ਹੀ ਦੀਵਾਰਾਂ ਖੜੀਆਂ ਕਰ ਦਿੱਤੀਆਂ ਹਨ। ਜਿਸ ਕਰਕੇ ਆਪਣੀ ਅਜਾਦੀ ਨਾਲ ਕੋਈ ਬੰਦਗੀ ਵੀ ਨਹੀਂ ਕਰ ਸਕਦਾ। ਹਰਨਾਖਸ਼ ਨੇ ਪ੍ਰਹਿਲਾਦ ਉੱਪਰ ਬਹੁਤ ਜੁਲਮ ਢਾਹੇ ਪਰ ਉਸ ਨੇ ਆਪਣੇ ਰੱਬ ਦੇ ਨਾਮ ਨੂੰ ਨਹੀਂ ਛੱਡਿਆ। ਫੇਰ ਅਖੀਰ

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥*

*(ਅੰਗ 953)*

ਪ੍ਰਹਿਲਾਦ ਦੀ ਰੱਖਿਆ ਅਤੇ ਜਿੱਤ ਹੋਈ ਅਤੇ ਉਹ ਮਾਲਿਕ ਨਰਸਿੰਘ ਰੂਪ ਧਾਰ ਕੇ ਪ੍ਰਗਟ ਹੋਏ ਅਤੇ ਹਰਨਾਖਸ਼ ਦਾ ਬਧ ਕਰ ਦਿੱਤਾ।

**ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ॥ ੩॥**

ਸਿਰਫ਼ ਰਾਮ ਨਾਮ ਹੀ ਅੰਮ੍ਰਿਤ ਹੈ ਅਤੇ ਦੁਨਿਆਵੀ ਸਾਰੀਆਂ ਚੀਜਾਂ ਜਹਿਰਾਂ ਹਨ। ਪਰ ਅਸੀਂ ਰਾਮ ਨਾਮ ਨੂੰ ਛੱਡ ਕੇ ਦੂਜੀਆਂ ਜਹਿਰਾਂ ਖਾਈ ਜਾਂਦੇ ਹਾਂ।

**ਤਜਿ ਭਰਮ ਕਰਮ ਬਿਧਿ ਨਿਖੇਧ**

**ਰਾਮ ਨਾਮੁ ਲੇਹੀ॥**

ਹਜ਼ੂਰ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਕਿ

*ਲੋਕ ਲਾਜ ਕੁਲ ਕੀ ਮਰਯਾਦਾ*
*ਯਹੀ ਗਲੇ ਕੀ ਫਾਸੀ।*
*ਆਗੇ ਚਲੇਂ ਪਗ ਪੀਛੇ ਡਾਲੇਂ*
*ਹੋਇ ਜਗਤ ਕੀ ਹਾਸੀ।*

ਤਥਾ

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥ ੧॥ (ਅੰਗ 747)*

ਬਾਕੀ ਸਾਰਿਆਂ ਨੂੰ ਛੱਡ ਕੇ ਅਗਰ ਅਸੀਂ ਰਾਮ ਨਾਮ ਦਾ ਸਿਮਰਨ ਕਰਾਂਗੇ ਤਦ ਅਵੱਸ਼ ਬਖਸ਼ੇ ਜਾਵਾਂਗੇ।

**ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ॥ ੪॥੫॥**

ਹਜ਼ੂਰ ਕਬੀਰ ਸਾਹਿਬ ਜੀ ਫੁਰਮਾਨ ਕਰ ਰਹੇ ਹਨ ਕਿ ਅਗਰ ਤੂੰ ਕਿਸੇ ਨਾਲ ਯਾਰੀ, ਦੋਸਤੀ ਪਾਉਂਣੀ ਹੈ ਜਾਂ ਮਿੱਤਰ ਬਣਾਉਣਾ ਹੈ ਜਾਂ ਸੱਜਣ ਬਣਾਉਣਾ ਹੈ ਤਦ ਰਾਮ ਨਾਲ ਸਨੇਹ ਰੱਖ ਅਤੇ ਉਸੇ ਨਾਲ ਹੀ ਸਮਾਜ ਵਿੱਚ ਆਪਣਾ ਮਿਲਵਰਤਨ ਰੱਖ। ਫੇਰ ਤੇਰੇ ਸਾਰੇ ਕਾਰਜ ਠੀਕ ਹੋਣਗੇ।

# ਸਤਿਸੰਗ

**ਧਨਾਸਰੀ ਮਹਲਾ ੧ ਘਰੁ ੧ ਚਉਪਦੇ** (ਅੰਗ 660)

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

**ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*(ਅੰਗ 1395)*

ਸਾਡੇ ਹਿੱਤ ਵਾਸਤੇ ਜੋ ਭੇਦ ਬਖਸ਼ ਰਹੇ ਹਨ। ਉਸ ਤੋਂ ਪਹਿਲਾਂ ਮੂਲ ਮੰਤ੍ਰ ਦਾ ਜਾਪ ਆਇਆ ਹੈ।

**ੴ** :– ਉਹ ਤਾਕਤ ਇੱਕ ਹੈ।

**ਸਤਿਨਾਮੁ** :– ਉਸ ਦਾ ਆਦਿ ਜੁਗਾਦਿ ਤੋਂ ਨਾਮ ਸੱਚਾ ਹੈ।

ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿ ਨਾਮੁ ਤੇਰਾ ਪਰਾ ਪੂਰਬਲਾ॥
(ਅੰਗ 1083)

**ਕਰਤਾ ਪੁਰਖ** :– ਉਸ ਤਾਕਤ ਤੋਂ ਬਗੈਰ ਹੋਰ ਕੋਈ ਕਰਤਾ ਨਹੀਂ ਹੈ।

**ਨਿਰਭਉ** :- ਉਸ ਨੂੰ ਕਿਸੇ ਦਾ ਡਰ ਨਹੀਂ ਹੁੰਦਾ।

**ਨਿਰਵੈਰੁ** :- ਉਹ ਮਾਲਿਕ ਕਿਸੇ ਨਾਲ ਵੀ ਵੈਰ ਨਹੀਂ ਰੱਖਦੇ।

ਅਸੀਂ ਵੀ ਅੱਜ ਤੱਕ ਕਦੇ ਕਿਸੇ ਦੇ ਬੁਰੇ ਵਾਸਤੇ ਅਰਦਾਸ ਨਹੀਂ ਕੀਤੀ। ਸਭ ਦਾ ਭਲਾ ਮੰਗਣ ਵਾਸਤੇ ਬੇਨਤੀ ਕਰੀਦੀ ਹੈ ਕਿ ਹਜ਼ੂਰ! ਸਭ ਨੂੰ ਸੁਮੱਤ ਬਖਸ਼ੋ।

*ਨਾਨਕ ਨਾਮ ਚੜ੍ਹਦੀ ਕਲਾ।*
*ਤੇਰੇ ਭਾਣੇ ਸਰਬਤ ਦਾ ਭਲਾ।*

ਇਸੇ ਬਚਨ ਉੱਪਰ ਅੱਟਲ ਰਹਿ ਕੇ ਸਭ ਕੁਝ ਕਰੀਦਾ ਹੈ।

**ਅਕਾਲ ਮੂਰਤਿ** :- ਕੋਈ ਵੀ ਉਦੋਂ ਸਭ ਦਾ ਭਲਾ ਮੰਗਦਾ ਹੈ ਜਦੋਂ ਉਹ ਸਾਰੇ ਜੀਆਂ ਵਿੱਚ ਮਾਲਿਕ

ਦਾ ਰੂਪ ਦੇਖਦਾ ਹੈ।

**ਅਜੂਨੀ :-** ਉਹ ਤਾਕਤ ਜੂਨੀਆਂ ਅਰਥਾਤ ਚੁਰਾਸੀ ਵਿੱਚ ਨਹੀਂ ਆਉਂਦੀ।

**ਸੈਭੰ :-** ਉਹਨਾਂ ਨੂੰ ਕੋਈ ਥਾਪਦਾ ਜਾਂ ਗੱਦੀ ਨਹੀਂ ਦਿੰਦਾ। ਉਹਨਾਂ ਨੂੰ ਹੁਕਮ ਹੁੰਦਾ ਹੈ।

*ਵਾਹ ਪ੍ਰਗਟਿਓ ਮਰਦ ਅਗੰਮੜਾ*

*ਵਰੀਆਮ ਇਕੇਲਾ॥*

*ਵਾਹ ਵਾਹ ਗੋਬਿੰਦ ਸਿੰਘ*

*ਆਪੇ ਗੁਰੂ ਚੇਲਾ॥ (ਵਾਰ ੪੧ ਪਉੜੀ ੧੭)*

**ਗੁਰ ਪ੍ਰਸਾਦਿ :-** ਜਿਹੜਾ ਜੀਵ ਗੁਰੂ ਦੇ ਬਚਨਾਂ ਨੂੰ ਸਤਿ ਕਰਕੇ ਮੰਨਦਾ ਹੈ ਅਰਥਾਤ ਗੁਰਬਾਣੀ ਨੂੰ ਸੱਚ ਕਰਕੇ ਮੰਨਦਾ ਹੈ ਉਸੇ ਉੱਪਰ ਹੀ ਬਖਸ਼ਿਸ਼ ਹੁੰਦੀ ਹੈ।

ਸਾਡੇ ਕੋਲ ਬਹੁਤ ਸਾਰੀ ਸੰਗਤ ਆਉਂਦੀ ਹੈ ਜੋ ਬਹੁਤ ਸਾਰੀਆਂ ਬੇਨਤੀਆਂ ਕਰਦੀ ਹੈ। ਕੁਝ ਐਸੀਆਂ ਬੇਨਤੀਆਂ ਵੀ ਕਰਦੇ ਹਨ ਜੋ ਬਾਹਰ ਦੱਸੀਆਂ ਨਹੀਂ ਜਾ ਸਕਦੀਆਂ। ਲੇਕਿਨ ਉਹਨਾਂ ਨੂੰ ਇਹ ਸਮਝ ਨਹੀਂ ਹੈ ਕਿ ਜਿਹਨਾਂ ਨਾਲ ਅਸੀਂ ਗੱਲ ਕਰ ਰਹੇ ਹਾਂ ਉਹਨਾਂ ਦਾ ਅਤੇ ਸਾਡਾ ਆਪਸ ਵਿੱਚ ਨਾਤਾ ਕੀ ਹੈ? ਉਮਰ ਦਾ ਤਕਾਜ਼ਾ ਕੀ ਹੈ? ਇੱਕ ਪਾਸੇ ਉਹ ਸਾਨੂੰ ਬਾਬਾ ਜੀ ਸਮਝਦੇ ਹਨ ਜਾਂ ਬਾਬਾ ਜੀ ਕਹਿ ਕੇ ਬੁਲਾਉਂਦੇ ਹਨ ਦੂਜੇ ਪਾਸੇ ਉਹ ਸਾਨੂੰ ਇੱਕ ਇਨਸਾਨ ਵੀ ਨਹੀਂ ਸਮਝਦੇ ਕਿ ਮੈਂ ਇਹਨਾਂ ਨਾਲ ਜੋ ਗੱਲ ਕਰ ਰਿਹਾ/ਰਹੀ ਹਾਂ ਉਹ ਕਰਨੀ ਵੀ ਚਾਹੀਦੀ ਹੈ ਕਿ ਨਹੀਂ। ਅਸੀਂ ਆਪਣੇ ਹਜ਼ੂਰ ਦੇ ਦਰਬਾਰ ਵਿੱਚ ਬਾਰਾਂ ਸਾਲ ਜਾਂਦੇ ਰਹੇ ਹਾਂ। ਬਾਰਾਂ ਸਾਰਾਂ ਤੋਂ ਕੁਝ ਦਿਨ ਹੀ ਉੱਪਰ ਸਨ ਕਿ ਹਜ਼ੂਰ ਨੇ ਸਾਨੂੰ ਬੁਲਾ ਕੇ ਪੁੱਛਿਆ ਕਿ ਸਾਰੀ ਦੁਨੀਆਂ ਬਚਨ ਕਰਦੀ ਰਹਿੰਦੀ ਹੈ। ਤੂੰ ਵੀ ਪਰਿਵਾਰ ਦੇ ਕਹਿਣ 'ਤੇ ਕਈ ਦਫ਼ਾ ਬੇਨਤੀ ਕੀਤੀ ਹੋਵੇਗੀ ਪਰ ਤੂੰ ਆਪਣੇ ਵਾਸਤੇ ਕੋਈ ਬਚਨ ਨਹੀਂ ਕਰਦਾ। ਸਾਨੂੰ ਦੱਸ ਕੀ ਗੱਲ ਹੈ? ਵਜਾਹ ਕੀ ਹੈ? ਅਸੀਂ ਕਿਹਾ ਹਜ਼ੂਰ! ਸਾਨੂੰ ਬਹੁਤ ਡਰ ਲੱਗਦਾ ਹੈ। ਪਰ ਜਿਸ ਤਰ੍ਹਾਂ ਮੁਰਾਦ ਨੇ ਕਿਹਾ ਸੀ ਕਿ ਸਤਿਗੁਰੂ

*ਕਿਸੀ ਦੀ ਨਿਰੀ ਕਣਕ ਕਿਸੀ ਦੇ ਨਿਰੇ ਛੋਲੇ*

*ਇਸ ਦਾਸ ਦਾ ਤਾਂ ਬੇਰੜਾ ਈ।*

*ਮੈਂ ਚੰਗਾ ਜਾਂ ਹਾਂ ਮਾੜਾ*

*ਪਰ ਮੁਰਾਦ ਗਰੀਬ ਵੀ ਤੇਰੜਾ ਈ।*

ਅਸੀਂ ਉਸ ਵਕਤ ਹਜ਼ੂਰ ਕੋਲ ਕੋਈ ਸਲੋਕ ਨਹੀਂ ਬੋਲਿਆ ਪਰ ਇਸ ਸਲੋਕ ਦੀ ਤਰ੍ਹਾਂ ਬੇਨਤੀ ਕੀਤੀ ਕਿ ਹਜ਼ੂਰ!

*ਕਿਆ ਮੁਖ ਲੈ ਬੇਨਤੀ ਕਰੂੰ ਲਾਜ ਆਵਤ ਹੈ ਮੋਹਿ।*

*ਤੁਮ ਦੇਖਤ ਅਉਗੁਣ ਕਰੂੰ ਕੈਸੇ ਭਾਉਂ ਤੋਹਿ।*

ਹਜ਼ੂਰ! ਮੈਨੂੰ ਸ਼ਰਮ ਆਉਂਦੀ ਹੈ ਕਿ ਮੈਂ ਤੁਹਾਨੂੰ ਸਤਿਗੁਰ ਸਮਝ ਕੇ ਤੁਹਾਡੇ ਚਰਨਾਂ ਵਿੱਚ ਵੀ ਆਉਂਦਾ ਹਾਂ ਅਤੇ ਗਲਤੀਆਂ ਕਰਨੋਂ ਵੀ ਨਹੀਂ ਹਟਦਾ। ਹਜ਼ੂਰ! ਮੈਂ ਮਨ ਨੂੰ ਬਹੁਤ ਸਮਝਾਉਂਦਾ ਹਾਂ ਪਰ ਮਨ ਮੰਨਦਾ ਹੀ ਨਹੀਂ ਹੈ। ਮੈਂ ਆਪਣੇ ਆਪ ਨੂੰ ਸਮਝਾਉਂਦਾ ਹਾਂ ਕਿ ਹੁਣ ਗਲਤੀ ਨਹੀਂ ਕਰਨੀ ਪਰ ਫੇਰ ਗਲਤੀ ਹੋ ਜਾਂਦੀ ਹੈ। ਹਜ਼ੂਰ ਕਹਿਣ ਲੱਗੇ ਪੁੱਤਰ! ਤੂੰ ਸੱਚੀ ਗੱਲ ਦੱਸ ਦਿੱਤੀ ਹੈ ਉਂਝ ਸਾਰੇ ਜੀਵ ਇੱਦਾਂ ਦੇ ਹੀ ਹਨ।

ਹਜ਼ੂਰ ਕਹਿਣ ਲੱਗੇ ਜਦੋਂ ਅਸੀਂ ਆਪਣੇ ਸੰਤ ਬਾਬਾ ਦੇਵਾ ਸਿੰਘ ਜੀ ਪਾਸ ਜਾਂਦੇ ਸੀ ਅਸੀਂ ਵੀ ਇਹੋ ਹੀ ਸੋਚਦੇ ਸੀ। ਅਸੀਂ ਵੀ ਆਪਣੇ ਹਜ਼ੂਰ ਬਾਬਾ ਦੇਵਾ ਸਿੰਘ ਜੀ ਅੱਗੇ ਇੱਕ ਵਾਰ ਬੇਨਤੀ ਕੀਤੀ ਕਿ ਹਜ਼ੂਰ ਦੇ ਬੱਚੇ ਨੰਗੇ ਹਨ ਭੁੱਖੇ ਹਨ। ਹਜ਼ੂਰ ਸਾਨੂੰ ਪੁੱਛਣ ਲੱਗੇ ਕਿ ਇਹ ਬੱਚੇ ਕਿਸ ਦੇ ਹਨ? ਅਸੀਂ ਕਿਹਾ ਹਜ਼ੂਰ ਦੇ। ਤਦ ਹਜ਼ੂਰ ਕਹਿਣ ਲੱਗੇ ਫੇਰ ਤੈਨੂੰ ਕੀ ਤਕਲੀਫ਼ ਹੈ? ਹਜ਼ੂਰ ਆਪਣੇ ਬੱਚਿਆਂ ਨੂੰ ਨੰਗੇ ਰੱਖਣ ਜਾਂ ਭੁੱਖੇ ਰੱਖਣ।

ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ੁਰਮਾਨ ਕਰ ਰਹੇ ਹਨ ਕਿ ਉਸ ਮਾਲਿਕ ਅੱਗੇ ਬੇਨਤੀ ਕਰਨ ਲੱਗਿਆਂ ਕਦੇ ਵੀ ਸਾਡਾ ਜੀਅ ਡਰਦਾ ਨਹੀਂ ਹੈ। ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਮੇਰਾ ਦਿਲ ਡਰਦਾ ਹੈ ਕਿ ਮੈਂ ਕਿਸ ਤਰ੍ਹਾਂ ਬੇਨਤੀ ਕਰਾਂ ਅਤੇ ਕਿਹੜੀ ਪੁਕਾਰ ਕਰਾਂ?

**ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥ ੧ ॥**

ਹਜ਼ੂਰ ਤੁਸੀਂ ਕਹਿੰਦੇ ਹੋ ਕਿ ਪਾਠ ਕਰੋ, ਸਿਮਰਨ ਕਰੋ, ਨੇਕ ਕਰਮ ਅਤੇ ਨੇਕ ਅਮਲ ਕਰੋ। ਮੈਂ ਉਹਨਾਂ ਗੱਲਾਂ ਨੂੰ ਭੁੱਲ ਜਾਂਦਾ ਹਾਂ। ਉਹਨਾਂ ਉੱਪਰ ਅਮਲ ਨਹੀਂ ਕਰਦਾ। ਅਗਰ ਸਤਿਸੰਗ ਵਿੱਚ ਬਚਨ ਆ ਜਾਂਦੇ ਹਨ ਕਿ ਜਿਹੜੇ ਪੈਸੇ ਤੁਸੀਂ ਸੂਟਾਂ ਉੱਪਰ ਖਰਚਦੇ ਹੋ ਉਹ ਖਰਚ ਨਾ ਕਰਕੇ ਸੰਭਾਲ ਕੇ ਰੱਖੋ ਅਤੇ ਬੱਚਿਆਂ ਦੀ ਪੜ੍ਹਾਈ ਉੱਪਰ ਖਰਚ ਕਰੋ। ਤਦ ਕਹਿੰਦੇ ਹਨ ਕਿ ਬਾਬਾ ਜੀ ਨੇ ਕਿਹਾ ਸੀ ਕਿ ਕੁੜੀ ਦੇ ਨਾਮ ਐਫ਼.ਡੀ. ਕਰ ਦਿਓ। ਦੱਸੋ, ਸਾਡੇ ਉੱਪਰ ਗਲਤ ਤੋਹਮਤ ਲਾਉਂਦੇ ਹਨ। ਕਿਸੇ ਕੋਲੋਂ ਪੈਸੇ ਮੰਗਣੇ ਹੋਣ ਫੇਰ ਸਾਡਾ ਨਾਮ ਲੈ ਦਿੰਦੇ ਹਨ। ਫੇਰ ਜੋ ਕੋਈ ਐਫ਼.ਡੀ. ਕਰਵਾ ਦਿੰਦਾ ਹੈ ਉਸ ਨੂੰ ਕਢਵਾ ਕੇ ਖਾ ਲੈਂਦੇ ਹਨ।

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਅਸੀਂ ਚਾਹੁੰਦੇ ਹਾਂ ਕਿ ਸਾਰੇ ਦੁੱਖ, ਬਿਮਾਰੀਆਂ ਹਟ ਜਾਣ ਅਤੇ ਸੁੱਖਾਂ ਦਾ ਪ੍ਰਵੇਸ਼ ਹੋਵੇ ਤਦ ਸਾਨੂੰ ਦੁੱਖਾਂ ਦਾ ਨਾਸ਼ ਕਰਨ ਵਾਲੀ ਤਾਕਤ ਦਾ ਸਿਮਰਨ ਕਰਨਾ ਪਵੇਗਾ ਫੇਰ ਸਾਰੇ ਦੁੱਖ ਵੀ ਹਟ ਜਾਣਗੇ ਅਤੇ ਤੁਸੀਂ ਵੀ ਬਚਨ ਘੱਟ ਕਰੋਗੇ। ਸਿਮਰਨ ਕਰਨ ਵਾਲੇ

ਜੀਵ ਨੂੰ ਮੌਤ ਵੀ ਚੇਤੇ ਰਹਿੰਦੀ ਹੈ ਅਤੇ ਉਹ 99 ਪ੍ਰਤੀਸ਼ਤ ਗਲਤ ਕੰਮ ਕਰਨੋਂ ਰੁਕ ਜਾਂਦਾ ਹੈ।

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*

*(ਅੰਗ 918)*

ਉਹ ਅਵੱਸ਼ ਸੋਚੇਗਾ ਕਿ

*ਅਉਰੋਂ ਕੋ ਉਜਿਆਰ ਮਿਸਾਲਚੀ ਜਾਏਂ ਅੰਧੇਰੇ।*
*ਤਿਉਂ ਗਿਆਨੀ ਕੇ ਗਿਆਨ ਮਹਿ*
*ਸਦਾ ਹੀ ਰਹਤੇ ਘੇਰੇ।*
*ਮੂਲਾਂ ਔਰ ਮਿਸਾਲਚੀ ਦੋਨੋਂ ਏਕ ਸਮਾਨ।*
*ਅਉਰੋਂ ਕੋ ਚਾਨਣ ਕਰੇਂ ਖੁਦ ਅੰਧੇਰੇ ਜਾਣ।*

ਅਗਰ ਅਸੀਂ ਸਿੱਖਿਆ ਦਿੰਦੇ ਹਾਂ ਤਦ ਸਾਨੂੰ ਖੁਦ ਨੂੰ ਵੀ ਅਮਲ ਕਰਨਾ ਚਾਹੀਦਾ ਹੈ। ਇਸ ਕਰਕੇ ਜਿਸ ਸਿਮਰਨ ਨਾਲ ਸਾਡਾ ਦੁੱਖ ਨਵਿਰਤ ਹੁੰਦਾ ਹੈ ਅਗਰ ਉਸ ਦਾ ਜਾਪ ਕਰਾਂਗੇ ਤਦ ਸਾਰੇ ਹੱਲ ਆਪਣੇ ਆਪ ਨਿਕਲ ਆਉਣਗੇ।

**ਸਾਹਿਬੁ ਮੇਰਾ ਨੀਤ ਨਵਾ**
**ਸਦਾ ਸਦਾ ਦਾਤਾਰੁ ॥ ੧ ॥ ਰਹਾਉ ॥**

ਕਈ ਵਾਰ ਅਸੀਂ ਸੋਚਦੇ ਹਾਂ ਇਹ ਸੱਤਰੇ-ਬਹੱਤਰੇ ਗਏ ਹਨ ਇਹ ਭੁਲਦੇ ਹਨ। ਸਾਡੇ ਹਜ਼ੂਰ ਨੂੰ ਕਈ ਵਾਰ ਪਤਾ ਵੀ ਹੋਣਾ ਕਿ ਸੰਗਤ ਕੀ ਬੇਨਤੀ ਕਰ ਰਹੀ ਹੈ ਫੇਰ ਵੀ ਉਹਨਾਂ ਨੇ ਹਲਾ-ਹਲਾ ਕਹਿ ਦੇਣਾ। ਲੇਕਿਨ ਸੰਗਤ ਸੋਚ ਲੈਂਦੀ ਹੈ ਕਿ ਇਹਨਾਂ ਦੇ ਸੁਣਨ ਜਾਂ ਦਿਮਾਗ ਵਿੱਚ ਗੜਬੜ ਹੈ। ਬਾਬਾ ਦੇਵਾ ਸਿੰਘ ਜੀ ਨੂੰ ਸੰਗਤ ਕਹਿਣ ਲੱਗੀ ਕਿ ਸੱਚੇ ਪਾਤਿਸ਼ਾਹੋ! ਤੁਸੀਂ ਸੱਤਰੇ-ਬਹੱਤਰੇ ਗਏ ਜੇ। ਉਹ ਕਹਿਣ ਲੱਗੇ ਕਿ ਸਾਡਾ ਪਲੰਘ ਚੁਬਾਰੇ 'ਚੋਂ ਚੁੱਕ ਕੇ ਥੱਲੇ ਲੈ ਜਾਓ। ਥੱਲੇ ਜਾ ਕੇ ਬਿਰਾਜ ਕੇ ਕਹਿਣ ਲੱਗੇ ਕਿ ਇਕ ਪਾਸੇ ਮਹਾਰਾਜ ਕਹਿੰਦੇ ਹੋ, ਦੂਜੇ ਪਾਸੇ ਤੁਸੀਂ ਸਾਨੂੰ ਸੱਤਰੇ- ਬਹੱਤਰੇ ਕਹਿੰਦੇ ਹੋ। ਉਹਨਾਂ ਨੇ ਉਸੇ ਵਕਤ ਬੋਲਾ ਬੋਲਿਆ ਅਤੇ ਦੇਹ ਤਿਆਗ ਦਿੱਤੀ। ਕਿਉਂਕਿ ਸੰਤ ਆਪਣੀ ਮੌਜ ਦੇ ਮਾਲਿਕ ਹੁੰਦੇ ਹਨ ਉਹ ਕਿਸੇ ਦੇ ਮੁਥਾਜ ਨਹੀਂ ਹੁੰਦੇ

*ਆਈ ਮੌਜ ਫਕੀਰ ਕੀ ਦੀਆ ਝੌਂਪੜਾ ਫੂਕ।*

ਇਸ ਦੇਹ ਨੂੰ ਝੋਂਪੜਾ ਕਹਿੰਦੇ ਹਨ ਕਿ ਕੁਲੀ ਨੂੰ ਅੱਗ ਲਾ ਲੈਂਣੀ। ਸੋਈ ਹਜ਼ੂਰ ਕਿਰਪਾ ਕਰਨ ਅਤੇ ਸਾਨੂੰ ਕਦੇ ਵੀ ਸਿਮਰਨ ਨਾ ਵਿਸਰੇ। ਅਗਰ ਸਿਮਰਨ ਨਹੀਂ ਵਿਸਰੇਗਾ ਤਦ ਅਸੀਂ ਬਹੁਤ ਸਾਰੀਆਂ ਗਲਤੀਆਂ, ਉਪਾਧੀਆਂ ਅਤੇ ਖੇਦ ਕਰਮਾਂ ਤੋਂ ਬਚੇ ਰਹਾਂਗੇ। ਸਾਨੂੰ ਦੁੱਖ ਨਹੀਂ ਲੱਗਣਗੇ। ਅਗਰ ਦੁਖ ਲੱਗੇ ਤਾਂ ਆਪਣੇ ਆਪ ਨਵਿਰਤ ਹੋ ਜਾਣਗੇ।

**ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ॥**

ਹਰ ਰੋਜ ਨਾਮ ਦੀ ਸੇਵਨਾ ਕਰੋ, ਸਿਮਰਨ ਕਰੋ। ਅਖੀਰਲੇ ਸਮੇਂ ਸਾਨੂੰ ਇਸੇ ਸਿਮਰਨ ਨੇ ਬਚਾਉਣਾ ਹੈ। ਹਜ਼ੂਰ ਫੁਰਮਾਉਂਦੇ ਹਨ ਕਿ

*ਇਕ ਐਸਾ ਵੇਲਾ ਆਵੇਗਾ*
*ਸਭ ਸਾਕ ਸਜਣ ਭਜ ਜਾਵੇਗਾ।*
*ਬਾਹੋਂ ਪਕੜ ਕੇ ਪਾਰ ਲੰਘਾਵੇਗਾ*
*ਓਹ ਬੁਲ੍ਹੇ ਦਾ ਸਰਦਾਰ ਕੁੜੇ।*

ਹਜ਼ੂਰ ਪਹਿਲੇ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਰੋਜ ਰੋਜ ਸਿਮਰਨ ਕਰੋ ਤਾਂਕਿ ਸਾਨੂੰ ਉਹ ਅਖੀਰਲੇ ਸਮੇਂ ਵੀ ਚੇਤੇ ਰਹੇ। ਕਿਉਂਕਿ ਗੁਰਬਾਣੀ ਵਿੱਚ ਦਰਜ ਹੈ ਕਿ

*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ॥ ੫॥ (ਅੰਗ 526)*

ਮਾਲਿਕ ਜੀਵ ਦੇ ਹਿਰਦੇ ਵਿੱਚ ਵੱਸ ਕੇ ਉਸ ਦਾ ਬੇੜਾ ਪਾਰ ਕਰ ਦਿੰਦੇ ਹਨ।

**ਸੁਣਿ ਸੁਣਿ ਮੇਰੀ ਕਾਮਣੀ**
**ਪਾਰਿ ਉਤਾਰਾ ਹੋਇ॥ ੨॥**

ਜੀਵ ਚਾਹੇ ਕਿੰਨਾ ਵੀ ਕਾਮੀ, ਕਰੋਧੀ, ਲੋਭੀ, ਕਪਟੀ, ਹੰਕਾਰੀ ਹੋਵੇ ਉਹ ਜਿਉ ਜਿਉਂ ਗੁਰਬਾਣੀ ਸੁਣੇਗਾ ਕਿਉਂਕਿ

*ਸੁਣਿਐ ਅੰਧੇ ਪਾਵਹਿ ਰਾਹੁ॥*
*ਸੁਣਿਐ ਹਾਥ ਹੋਵੈ ਅਸਗਾਹੁ॥*
*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥ ੧੧॥ (ਅੰਗ 3)*

ਜਦੋਂ ਉਸ ਦੇ ਕੰਨਾਂ ਵਿੱਚ ਗੁਰਬਾਣੀ ਦੀ ਅਵਾਜ ਪਵੇਗੀ ਉਸ ਦਾ ਪਾਰ ਉਤਾਰਾ ਹੋ ਜਾਵੇਗਾ।

**ਦਇਆਲ ਤੇਰੈ ਨਾਮਿ ਤਰਾ॥**
**ਸਦ ਕੁਰਬਾਣੈ ਜਾਉ॥ ੧॥ ਰਹਾਉ॥**

ਹੇ ਸੱਚੇ ਪਾਤਿਸ਼ਾਹੋ! ਤੁਸੀਂ ਬਹੁਤ ਦਿਆਲੂ ਹੋ। ਮੇਰੇ ਉੱਪਰ ਦਇਆ ਕਰੋ ਕਿ ਮੈਂ ਤੁਹਾਡਾ ਨਾਮ ਸੁਣ ਸੁਣ ਕੇ ਇਸ ਦੁਨੀਆਂ ਦੇ ਭਵ ਸਾਗਰ ਤੋਂ ਪਾਰ ਉਤਾਰਾ ਕਰ ਜਾਵਾਂ।

**ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ॥**

God is One we are thy children.

*ਏਕੁ ਪਿਤਾ ਏਕਸ ਕੇ ਹਮ ਬਾਰਿਕ*

*ਤੂ ਮੇਰਾ ਗੁਰ ਹਾਈ॥ (ਅੰਗ 611)*

ਸਾਰੀ ਦੁਨੀਆਂ, ਸਾਰੇ ਮਜਹਬਾਂ ਅਤੇ ਸਾਰੀ ਕਾਇਨਾਤ ਦੇ ਇਕੋ ਹੀ ਮਾਲਿਕ ਹਨ।

**ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ॥ ੩॥**

ਜਿਸ ਜੀਵ ਉੱਪਰ ਉਸ ਤਾਕਤ ਦੀ ਮਿਹਰ, ਮਇਆ, ਨਦਰ ਹੋਵੇਗੀ ਉਹੋ ਹੀ ਸਿਮਰਨ ਅਤੇ ਜਾਪ ਕਰੇਗਾ, ਦੂਸਰਾ ਜੀਵ ਜਾਪ ਨਹੀਂ ਕਰ ਸਕਦਾ।

**ਤੁਧੁ ਬਾਝੁ ਪਿਆਰੇ ਕੇਵ ਰਹਾ॥**

**ਸਾ ਵਡਿਆਈ ਦੇਹਿ**

**ਜਿਤੁ ਨਾਮਿ ਤੇਰੇ ਲਾਗਿ ਰਹਾਂ॥**

ਸੱਚੇ ਪਾਤਿਸ਼ਾਹੋ! ਤੁਹਾਡੇ ਤੋਂ ਬਗੈਰ ਮੈਂ (ਆਤਮਾ) ਬਚ ਨਹੀਂ ਸਕਦੀ। ਹਜ਼ੂਰ! ਮੇਰੇ ਉਪਰ ਐਸੀ ਬਖਸ਼ਿਸ਼ ਕਰੋ ਜਿਸ ਸਦਕਾ ਮੈਂ ਤੁਹਾਡੇ ਨਾਮ ਨਾਲ ਜੁੜ ਜਾਵਾਂ।

**ਦੂਜਾ ਨਾਹੀ ਕੋਇ ਜਿਸੁ ਆਗੈ**

**ਪਿਆਰੇ ਜਾਇ ਕਹਾ॥ ੧॥ ਰਹਾਉ॥**

ਸੱਚੇ ਪਾਤਿਸ਼ਾਹੋ! ਮੈਨੂੰ ਤੁਹਾਡੇ ਤੋਂ ਬਗੈਰ ਹੋਰ ਕੋਈ ਥਾਂ ਨਹੀਂ ਲੱਭਦੀ ਜਿਥੇ ਜਾ ਕੇ ਮੈਂ ਦੁੱਖ ਫੋਲ ਸਕਾਂ, ਫਰਿਆਦਾਂ ਕਰ ਸਕਾਂ।

**ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ॥**

*ਪਿਛਲੇ ਕੀ ਜੋ ਧਾਰੇਂ ਟੇਕਾ*

*ਤਿਨ ਕੋ ਕਾਨ ਸੁਨਾ ਆਂਖ ਨਹੀਂ ਦੇਖਾ।*

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਵੀ ਫੁਰਮਾਨ ਕੀਤਾ ਸੀ ਕਿ ਮੈਨੂੰ ਨਹੀਂ ਪਤਾ ਕਿ ਪਿੱਛੇ ਕਿਹੜੀਆਂ ਤਾਕਤਾਂ ਆਈਆਂ ਸਨ।

ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਜਿਸ ਦੇਹ ਤੋਂ ਤੁਹਾਨੂੰ ਬਖਸ਼ਿਸ਼ ਮਿਲੀ ਹੈ ਉਸ ਤੋਂ ਬਲਿਹਾਰ ਜਾਵੋ।

*ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥*

*ਜੋ ਜਨ ਪੀਰਿ ਨਿਵਾਜਿਆ*

*ਤਿੰਨ੍ਹਾ ਅੰਚ ਨ ਲਾਗ॥ ੮੨॥ (ਅੰਗ 1382)*

ਤੁਸੀਂ ਆਪਣੇ ਸਤਿਗੁਰ ਤੋਂ ਬਲਿਹਾਰ ਜਾਓ ਜਿਹਨਾਂ ਨੇ ਤੁਹਾਨੂੰ ਇਸ ਮਾਰਗ 'ਤੇ ਪਾ ਕੇ ਗੁਰਬਾਣੀ ਵੱਲ ਲਾਇਆ ਹੈ।

**ਨਾਨਕੁ ਤਾ ਕਾ ਦਾਸੁ ਹੈ**

**ਬਿੰਦ ਬਿੰਦ ਚੁਖ ਚੁਖ ਹੋਇ॥ ੪॥**

ਸਾਡੇ ਮਨ ਵਿੱਚ ਇਹ ਭਾਵ ਹੋਣਾ ਚਾਹੀਦਾ ਹੈ ਕਿ ਅਸੀਂ ਉਹਨਾਂ ਦੇ ਦਾਸ ਬਣ ਕੇ ਰਹੀਏ। ਸਾਡਾ ਪੁਰਜਾ ਪੁਰਜਾ, ਰੋਮ ਰੋਮ ਉਹਨਾਂ ਦੇ ਅੱਗੇ ਕਰਜਾਈ ਹੋ ਕੇ ਬੈਠੇ ਕਿ ਹਜ਼ੂਰ! ਤੁਹਾਨੂੰ ਪਤਾ ਹੀ ਹੈ ਕਿ

*ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ॥*

*ਜੀਉ ਪਿੰਡੁ ਸਭੁ ਤਿਸ ਦਾ*

*ਸਭੁ ਕਿਛੁ ਹੈ ਤੇਰਾ॥ ੧॥ (ਅੰਗ 396)*

ਅਗਰ ਸਤਿਗੁਰ ਦੇ ਅੱਗੇ ਸਾਨੂੰ ਰਤੀ ਰਤੀ ਅਤੇ ਭੋਰਾ ਭੋਰਾ ਕੱਟ ਕੇ ਵੀ ਪੇਸ਼ ਕੀਤਾ ਜਾਵੇ ਤਦ ਵੀ ਥੋੜਾ ਹੈ

*ਸਿਰ ਦਿਤਿਆਂ ਜੇ ਸਤਿਗੁਰ ਮਿਲ ਜਾਏ*

*ਤੋ ਭੀ ਸਸਤਾ ਜਾਣ।*

ਐਸੀ ਦਿਸ਼ਾ ਹਜ਼ੂਰ ਪਹਿਲੇ ਪਾਤਿਸ਼ਾਹ ਜੀ ਨੇ ਉਚਾਰਨ ਕੀਤੀ ਹੈ ਅਤੇ ਉਹੋ ਹੀ ਇਸ ਉੱਪਰ ਚੱਲ ਸਕਦੇ ਹਨ। ਅਸੀਂ ਜੀਵ ਤਾਂ ਪਰਿਵਾਰਿਕ ਤੌਰ ਤੇ ਫਸੇ ਹੁੰਦੇ ਹਾਂ। ਕਦੇ ਐਸਾ ਸੋਚ ਵੀ ਨਹੀਂ ਸਕਦੇ। ਹਜ਼ੂਰ ਜਿਸ ਜੀਵ ਉੱਪਰ ਕਿਰਪਾ ਕਰਕੇ ਇੱਧਰ ਨੂੰ ਤੋਰ ਲੈਣ ਉਹੋ ਹੀ ਤੁਰ ਸਕਦਾ ਹੈ।

**ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ**

**ਚੁਖ ਚੁਖ ਹੋਇ॥ ੧॥ ਰਹਾਉ॥**

ਸੱਚੇ ਪਾਤਿਸ਼ਾਹੋ! ਤੁਹਾਡੇ ਨਾਮ ਤੋਂ ਮੈਂ ਪੁਰਜਾ ਪੁਰਜਾ ਕਟਵਾ ਦਿਆਂ ਜਿਸ ਤਰ੍ਹਾਂ ਜੁਲੈਖਾਂ ਨੇ ਯੂਸਫ਼ ਦੀ ਖਾਤਿਰ ਸਾਰਾ ਕੁਝ ਲੁਟਾ ਦਿੱਤਾ ਸੀ। ਉਹ ਸੱਚੇ ਆਸ਼ਿਕ ਹੋਏ ਹਨ। ਉਹਨਾਂ ਦੀ ਨੀਤ ਮਾੜੀ ਨਹੀਂ ਸੀ। ਰੱਬ ਦਾ ਨਾਮ ਲੈਣਾ ਵੀ ਇੱਕ ਆਸ਼ਕੀ ਹੈ ਇਹ ਵੀ ਇੱਕ ਲਗਨ ਹੈ।

*ਕਬੀਰ ਮਰਤਾ ਮਰਤਾ ਜਗੁ ਮੂਆ*

*ਮਰਿ ਭੀ ਨ ਜਾਨਿਆ ਕੋਇ॥*

*ਐਸੇ ਮਰਨੇ ਜੋ ਮਰੈ*

*ਬਹੁਰਿ ਨ ਮਰਨਾ ਹੋਇ॥ ੨੯॥*

*(ਅੰਗ 1365-66)*

ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਤੇ ਹਜ਼ੂਰ ਕਬੀਰ ਸਾਹਿਬ ਜੀ ਨੇ ਵੀ ਇਹ ਫੁਰਮਾਨ ਕੀਤਾ ਹੈ ਕਿ ਜੋ ਜੀਵ ਆਪਣਾ ਜੀਵਨ ਗੁਰਬਾਣੀ ਅੱਗੇ ਸਮਰਪਿਤ ਕਰਦਾ ਹੈ ਉਹ ਸਦਾ ਲਈ ਬਖਸ਼ਿਆ ਜਾਂਦਾ ਹੈ ਜੁਗਾਂ ਤੱਕ ਉਸ ਨੂੰ ਕੋਈ ਆਂਚ ਨਹੀਂ ਆਉਂਦੀ।

# ਸਤਿਸੰਗ ਸੰਗ੍ਰਾਂਦ ਮਹੀਨਾ ਵੈਸਾਖ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ (ਅੰਗ 1108)**

**ਵੈਸਾਖੁ ਭਲਾ ਸਾਖਾ ਵੇਸ ਕਰੇ॥**

ਵੈਸਾਖ ਦਾ ਮਹੀਨਾ 14-04-2019 ਐਤਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਵੈਸਾਖ ਦਾ ਮਹੀਨਾ ਬਹੁਤ ਹੀ ਭਲਾ, ਅੱਛਾ ਅਤੇ ਸ਼ੁਭ ਹੈ ਕਿਉਂਕਿ ਇਸ ਮਹੀਨੇ ਵਿੱਚ ਪੱਤਝੜ ਦੀ ਅਤੇ ਠੰਢ ਦੀ ਰੁੱਤ ਖਤਮ ਹੋਣ ਤੋਂ ਬਾਅਦ ਬਸੰਤ ਰੁੱਤ ਆਈ ਹੋਣ ਕਰਕੇ ਚਾਰੇ ਪਾਸੇ ਹਰਿਆਲੀ ਹੁੰਦੀ ਹੈ। ਬੂਟਿਆਂ ਦੀਆਂ ਟਹਿਣੀਆਂ ਹਰੀਆਂ ਹੋਣ ਕਰਕੇ ਬਹੁਤ ਵਧੀਆ ਦਿਖਾਈ ਦਿੰਦੀਆਂ ਹਨ। ਖਿੜੇ ਹੋਏ ਫੁੱਲ ਇੰਝ ਲੱਗਦੇ ਹਨ ਜਿਵੇਂ ਕੋਈ ਬਾਗ ਜਾਂ ਫੁਲਕਾਰੀ ਵਿਛਾਈ ਹੋਵੇ। ਇਸੇ ਤਰ੍ਹਾਂ ਜੀਵ ਦਾ ਮਨ ਵੀ ਕੋਰੇ ਅਤੇ ਕੱਕਰ ਤੋਂ ਮੁਕਤ ਹੋ ਕੇ ਇਸ ਮਹੀਨੇ ਵਿੱਚ ਪ੍ਰਫੁਲਤ ਹੁੰਦਾ ਹੈ। ਪਿਛਲੇ ਸਮਿਆਂ ਵਿੱਚ ਵਿਸਾਖੀ ਵਾਲੇ ਦਿਨ ਵਾਢੀ ਪੈਂਦੀ ਸੀ। ਅਸੀਂ ਦੋ ਕੁ ਦਿਨ ਪਹਿਲਾਂ ਗੁਰਦਾਸਪੁਰ ਗਏ ਸੀ ਉੱਧਰ ਲੋਕ ਕਣਕਾਂ ਵੱਢ ਰਹੇ ਸਨ। ਆਪਣੇ ਇੱਧਰ ਵੀ ਪੰਦਰਾਂ ਕੁ ਦਿਨਾਂ ਤੱਕ ਕਣਕ ਦੀ ਵਢਾਈ ਸ਼ੁਰੂ ਹੋ ਜਾਵੇਗੀ।

**ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥**

ਜਿਸ ਲੜਕੀ ਦਾ ਪਤੀ ਵਿਦੇਸ਼ ਗਿਆ ਹੁੰਦਾ ਹੈ ਜਾਂ ਸਰਵਿਸ ਤੇ ਹੋਣ ਕਰਕੇ ਬਾਹਰ ਹੁੰਦਾ ਹੈ ਉਹ ਫਰਿਆਦ ਕਰਦੀ ਹੈ ਕਿ ਸੱਚੇ ਪਾਤਿਸ਼ਾਹੋ! ਇਸ ਮਹੀਨੇ ਵਿੱਚ ਸਭ ਕੁਝ ਵਧੀਆ ਲੱਗਦਾ ਹੈ ਪਰ ਮੇਰੇ ਉੱਪਰ ਕਿਰਪਾ ਕਰੋ ਅਤੇ ਮੇਰੇ ਪਤੀ ਨੂੰ ਵੀ ਘਰ ਲੈ ਕੇ ਆਓ। ਇਸੇ ਤਰ੍ਹਾਂ ਉਹ ਗੁਰਸਿੱਖ ਵੀ ਜਿਹਨਾਂ ਨੂੰ ਮਾਲਿਕ ਦਾ ਪਿਆਰ ਨਹੀਂ ਮਿਲਦਾ ਜਾਂ ਗੁਰਬਾਣੀ ਨਾਲ ਨਹੀਂ ਜੁੜੇ ਉਹ ਬੇਨਤੀਆਂ ਕਰਦੇ ਹਨ ਕਿ ਸੱਚੇ ਪਾਤਿਸ਼ਾਹੋ! ਤੁਸੀਂ ਸਾਨੂੰ ਆਪਣਾ ਮਿਲਾਪ ਬਖਸ਼ੋ।

**ਘਰਿ ਆਉ ਪਿਆਰੇ ਦੁਤਰ ਤਾਰੇ**

**ਤੁਧੁ ਬਿਨੁ ਅਢੁ ਨ ਮੋਲੋ॥**

ਸੱਚੇ ਪਾਤਿਸ਼ਾਹੋ! ਤੁਸੀਂ ਮੇਰੇ ਗ੍ਰਿਹ ਵਿਖੇ ਚਰਨ ਪਾਵੋ। ਤੁਸੀਂ ਸੱਜਣ ਠੱਗ, ਭੂਮੀਆ ਚੋਰ, ਬਿਧੀ ਚੰਦ ਡਕੈਤ, ਅਜਾਮਲ ਪਾਪੀ, ਗਣਕਾ ਵੇਸਵਾ, ਸਧਨਾ ਕਸਾਈ, ਕੌਡਾ ਰਾਖਸ਼ ਆਦਿ ਜਿਸ ਉੱਪਰ ਵੀ ਤੁਸੀਂ ਆ ਕੇ ਦ੍ਰਿਸ਼ਟੀ ਪਾਈ ਉਹੋ ਬਖਸ਼ਿਆ ਗਿਆ। ਇਸ ਕਰਕੇ ਸਾਡੇ ਗੁਨਾਹ ਵੀ ਮਾਫ਼ ਕਰੋ ਅਤੇ ਆ ਕੇ ਸਾਨੂੰ ਆਪਣੇ ਦਰਸ਼ਨ ਬਖਸ਼ੋ।

**ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥**

ਸੱਚੇ ਪਾਤਿਸ਼ਾਹੋ! ਮੈਂ ਕਿਹੜੀ ਕੀਮਤ ਤਾਰਾਂ ਜਾਂ ਕਿਹੜਾ ਤਰੀਕਾ ਅਪਣਾਵਾਂ ਜਿਸ ਨਾਲ ਮੈਂ ਤੁਹਾਨੂੰ ਚੰਗਾ ਲੱਗਾ ਤਾਂਕਿ ਉਸੇ ਤਰ੍ਹਾਂ ਦਾ ਬਣ ਕੇ ਤੁਹਾਨੂੰ ਖੁਸ਼ ਕਰ ਸਕਾਂ।

**ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥**

ਸੱਚੇ ਪਾਤਿਸ਼ਾਹੋ! ਮੈਂ ਤੁਹਾਨੂੰ ਕਦੇ ਵੀ ਆਪਣੇ ਤੋਂ ਦੂਰ ਨਾ ਸਮਝਾਂ। ਮੈਂ ਇਹ ਵੀ ਆਸ ਅਤੇ ਵਿਸ਼ਵਾਸ਼ ਰੱਖਾਂ ਕਿ ਤੁਸੀਂ ਮੈਨੂੰ ਆਪਣੇ ਮਹਿਲਾਂ ਦੇ ਦਰਸ਼ਨ ਬਖਸ਼ੋਗੇ।

**ਨਾਨਕ ਵੈਸਾਖੀਂ ਪ੍ਰਭੁ ਪਾਵੈ**

**ਸੁਰਤਿ ਸਬਦਿ ਮਨੁ ਮਾਨਾ॥ ੬॥**

ਹਜ਼ੂਰ ਆਪ ਹੀ ਫੁਰਮਾਉਂਦੇ ਹਨ ਕਿ ਜੋ ਜੀਵ ਸੁਰਤ ਅਤੇ ਸ਼ਬਦ ਦੇ ਮਾਰਗ ਉੱਪਰ ਚੱਲ ਕੇ ਸਿਮਰਨ ਕਰਦੇ ਹਨ ਉਹਨਾਂ ਨੂੰ ਵੈਸਾਖੀ ਵਾਲਾ ਦਿਹਾੜਾ ਜੋ ਬਹੁਤ ਹੀ ਉੱਚਾ ਸੁੱਚਾ ਅਤੇ ਭਾਗਾਂ ਵਾਲਾ ਹੈ ਉਹ ਨਸੀਬ ਹੁੰਦਾ ਹੈ। ਜਦੋਂ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਗਿਆ ਸੀ ਕਿ ਤੁਹਾਡੇ ਗੁਰੂ ਕੌਣ ਹਨ? ਤਦ ਉਹਨਾਂ ਨੇ ਫੁਰਮਾਨ ਕੀਤਾ ਕਿ

*ਪਵਨ ਅਰੰਭੁ ਸਤਿਗੁਰ ਮਤਿ ਵੇਲਾ॥*

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਅੰਗ 943)*

ਸ਼ਬਦ ਰੂਪੀ ਤਾਕਤ ਸਾਡੇ ਗੁਰੂ ਹਨ ਅਤੇ ਸੁਰਤ ਚੇਲਾ ਹੈ। ਸੋਈ ਹਜ਼ੂਰ ਕਿਰਪਾ ਕਰਕੇ ਸਾਨੂੰ ਵੀ ਸੁਰਤ ਸ਼ਬਦ ਦੇ ਮਾਰਗ 'ਤੇ ਚਲਾ ਕੇ, ਜੀਵਨ ਸਫਲ ਕਰਾਉਣ ਤਾਂਕਿ ਚੁਰਾਸੀ ਲੱਖ ਜੂਨੀਆਂ ਭੋਗਣ ਤੋਂ ਬਾਅਦ ਸਾਨੂੰ ਜੋ ਮਾਨਸ ਜਨਮ ਮਿਲਿਆ ਹੈ ਉਸ ਦਾ ਲਾਹਾ ਲੈ ਕੇ ਅਸੀਂ ਖੁਸ਼ੀਆਂ ਪ੍ਰਾਪਤ ਕਰ ਸਕੀਏ।

ਸੋਈ ਹਜ਼ੂਰ ਕਿਰਪਾ ਕਰਨ। ਵੈਸਾਖ ਦਾ ਮਹੀਨਾ ਐਤਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆਂ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ ਬਖਸ਼ ਕੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ (ਅੰਗ 133)**

**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਨਹਾਰ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਭੇਦ ਬਖਸ਼ ਰਹੇ ਹਨ ਕਿ ਉਹ ਗੁਰਸਿੱਖ ਜਿਹਨਾਂ ਨੂੰ ਮਾਲਿਕ ਦਾ ਪਿਆਰ ਨਹੀਂ ਮਿਲਿਆ, ਜੋ ਮਾਲਿਕ ਨਾਲ ਨਹੀਂ ਜੁੜੇ ਜਾਂ ਜੋ ਮਾਲਿਕ ਤੋਂ ਵਿਛੜੇ ਹੋਏ ਹਨ ਜਾਂ ਵੱਖਰੇ ਹਨ ਉਹਨਾਂ ਨੂੰ ਚਾਹੇ ਵੈਸਾਖ ਦਾ ਮਹੀਨਾ ਹੋਵੇ ਜਾਂ ਬਸੰਤ ਦਾ ਮਹੀਨਾ ਹੋਵੇ ਵਧੀਆ ਨਹੀਂ ਲੱਗਦਾ। ਜਾਂ ਇਸ ਮਹੀਨੇ ਵਿੱਚ ਵਧੀਆ ਫਸਲ ਹੁੰਦੀ ਪਰ ਜਿਸ ਜਿੰਮੀਦਾਰ ਨੇ ਬੀਜੀ ਹੀ ਨਹੀਂ ਹੈ

*ਹੁਣਿ ਵਤੈ ਹਰਿ ਨਾਮੁ ਨ ਬੀਜਿਓ*

*ਅਗੈ ਭੁਖਾ ਕਿਆ ਖਾਏ॥ (ਅੰਗ 450)*

ਉਸ ਨੂੰ ਵੈਸਾਖੀ ਦੀ ਫਸਲ ਦਾ ਕੋਈ ਚਾਅ ਨਹੀਂ ਹੁੰਦਾ। ਇਸੇ ਤਰ੍ਹਾਂ ਜੋ ਪਤੀ ਪਤਨੀ ਪਾਸ ਨਹੀਂ ਹੁੰਦੇ ਉਹਨਾਂ ਨੂੰ ਵੀ ਇਹ ਮਹੀਨਾ ਵਧੀਆ ਨਹੀਂ ਲੱਗਦਾ।

**ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥**

ਇਹ ਮਹੀਨਾ ਉਹਨਾਂ ਨੂੰ ਚੰਗਾ ਨਹੀਂ ਲੱਗਦਾ ਜੋ ਉਸ ਮਾਲਿਕ ਨੂੰ ਵਿਸਾਰ ਕੇ ਮਾਇਆ ਪਿੱਛੇ ਭੱਜ ਤੁਰਦੇ ਹਨ। ਇਸਤਰੀ, ਪਤੀ, ਧੀਆ, ਪੁੱਤਰ, ਮਹਿਲ, ਮਾੜੀਆਂ, ਕੋਠੀਆਂ, ਜਮੀਨਾਂ, ਜਾਇਦਾਦਾਂ, ਕਾਰਖਾਨੇ, ਕਾਰੋਬਾਰ ਆਦਿ ਸਭ ਮਾਇਆ ਹੈ। ਅਸੀਂ ਜੀਵ ਇਹਨਾਂ ਵੱਲ ਤੁਰਦੇ ਹਾਂ ਅਤੇ ਜਿਸ ਮਾਲਿਕ ਨੇ ਇਹ ਸਭ ਕੁਝ ਬਖਸ਼ਿਆ ਹੈ ਉਸ ਨੂੰ ਵਿਸਾਰ ਦਿੰਦੇ ਹਾਂ। ਇਸ ਕਰਕੇ ਜੀਵ ਨੂੰ ਇਹ ਸਾਰੀਆਂ ਚੀਜਾਂ ਫਿੱਕੀਆਂ ਲੱਗਦੀਆਂ ਹਨ, ਅੱਛੀਆਂ ਨਹੀਂ ਲੱਗਦੀਆਂ। ਜੋ ਪ੍ਰਾਣੀ ਗੁਰਬਾਣੀ ਨਾਲ ਨਹੀਂ ਜੁੜਿਆ ਉਸ ਦੇ ਚਿਹਰੇ 'ਤੇ ਇਹਨਾਂ ਚੀਜਾਂ ਦੀ ਕੋਈ ਖੁਸ਼ੀ ਜਾਂ ਖੇੜਾ ਨਹੀਂ ਹੁੰਦਾ।

**ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥**

ਇਹ ਠੀਕ ਹੈ ਪੁਤਰਾਂ ਨਾਲ ਸਰਨੇਮ ਚੱਲਦਾ ਹੈ ਅਗਾਂਹ ਪੀੜ੍ਹੀ ਚੱਲਦੀ ਹੈ। ਉਹ ਪੁੱਤਰ ਚਾਹੇ ਕਲਿੱਤਰ ਹੀ ਹੋਵੇ ਤਦ ਵੀ ਮਾਂ ਬਾਪ ਕਹਿਣਗੇ ਕਿ ਕੋਈ ਗੱਲ ਨਹੀਂ ਆਪੇ ਠੀਕ ਹੋ ਜਾਵੇਗਾ। ਜਿਸ ਅਬਿਨਾਸੀ ਤਾਕਤ ਨੇ ਸਦਾ ਸਾਡੇ ਨਾਲ ਰਹਿਣਾ ਹੈ ਅਸੀਂ ਉਸ ਨਾਲ ਘੱਟ ਮੋਹ ਕਰਦੇ ਹਾਂ। ਆਪਣੇ ਪਰਿਵਾਰਾਂ ਨਾਲ ਬਹੁਤ ਜਿਆਦਾ ਸਾਂਝ ਅਤੇ ਨੇੜਤਾ ਰੱਖ ਕੇ ਆਪਾਂ ਉਸ ਮਾਲਿਕ ਨੂੰ ਭੁੱਲੇ ਰਹਿੰਦੇ ਹਾਂ। ਇਸ ਕਰਕੇ ਸਾਨੂੰ ਆਪਣੇ ਮਨ ਨੂੰ ਸਮਝਾ ਕੇ ਗੁਰਬਾਣੀ ਵੱਲ ਤੋਰਨਾ ਚਾਹੀਦਾ ਹੈ।

**ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥**

ਇਹਨਾਂ ਚੀਜਾਂ ਵਿੱਚ ਫਸ ਕੇ ਸਾਰੀ ਦੁਨੀਆਂ ਆਵਾਗੌਣ ਦੇ ਚੱਕਰ ਵਿੱਚ ਪਈ ਹੋਈ ਭੱਜੀ ਫਿਰਦੀ ਹੈ। ਇਹ ਸਾਰੇ ਮੋਹ ਹਨ। ਜਿਹਨਾਂ ਵਾਸਤੇ ਅਸੀਂ ਸਾਰੀ ਉਮਰ ਭੱਜੇ ਫਿਰਦੇ ਹਾਂ ਉਹ ਲੋੜ ਪੈਣ ਤੇ ਕਹਿੰਦੇ ਹਨ ਕਿ ਅਸੀਂ ਤੈਨੂੰ ਜਾਣਦੇ ਹੀ ਨਹੀਂ ਹਾਂ। ਤੂੰ

ਜੋ ਵੀ ਸਾਡੇ ਲਈ ਕੀਤਾ ਹੋਵੇਗਾ ਉਹ ਤੂੰ ਆਪਣੇ ਕਿਸੇ ਸੁਆਦ ਜਾਂ ਸੁਆਰਥ ਵਾਸਤੇ ਕੀਤਾ ਹੋਵੇਗਾ।

**ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥**

ਜੀਵ ਨੂੰ ਪ੍ਰਭੂ ਦੇ ਸਿਮਰਨ ਤੋਂ ਵਾਂਝਾ ਹੋਣ ਕਰਕੇ ਕਾਲ ਰੂਪੀ ਬਾਣੀਏ ਨੇ ਸਾਰੇ ਲੇਖੇ ਕਰਨੇ ਹਨ ਕਿ ਤੂੰ ਕੀ ਕਰਦਾ ਆਇਆ ਏਂ।

*ਪਾਪ ਕਰੇਦੜ ਸਰਪਰ ਮੁਠੇ॥*

*ਅਜਰਾਈਲਿ ਫੜੇ ਫੜਿ ਕੁਠੇ॥*

*ਦੋਜਕਿ ਪਾਏ ਸਿਰਜਣਹਾਰੈ*

*ਲੇਖਾ ਮੰਗੈ ਬਾਣੀਆ॥ ੨॥ (ਅੰਗ 1019-20)*

ਫੇਰ ਜਿਸ ਤਰ੍ਹਾਂ ਕੋਹਲੂ ਵਿੱਚ ਤਿਲ ਪੀੜੇ ਜਾਂਦੇ ਹਨ ਇਸ ਤਰ੍ਹਾਂ ਤੇਰੀ ਰਤ ਪੀੜੀ ਜਾਣੀ ਹੈ। ਫੇਰ ਤੂੰ ਉਥੇ ਮਹਿਸੂਸ ਕਰਨਾ ਹੈ ਕਿ

*ਜਿੰਦ ਕਿਉਂ ਨਾ ਗੁਰੂ ਤੋਂ ਵਾਰੀ।*

*ਮੈਂ ਰੱਖ ਲਈ ਪਿਆਰੀ ਕਰ ਕੇ।*

ਹਜ਼ੂਰ ਸਾਨੂੰ ਚੁਕੰਨੇ ਅਤੇ ਸੁਚੇਤ ਕਰ ਰਹੇ ਹਨ ਕਿ ਇਹ ਮੋਹ ਮਾਇਆ ਦੇ ਧੰਧੇ ਸਭ ਝੂਠੇ ਹਨ। ਸਿਰਫ਼ ਪ੍ਰਭੂ ਦਾ ਨਾਮ ਹੀ ਸੱਚਾ ਹੈ ਅਤੇ ਉਸੇ ਨੇ ਹੀ ਤੇਰੇ ਨਾਲ ਜਾਣਾ ਹੈ।

*ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ*

*ਭਜਿ ਲੇ ਨਾਮੁ ਮੁਰਾਰਿ॥ (ਅੰਗ 633)*

ਉਸ ਤਾਕਤ ਦਾ ਜਾਪ ਕਰੋ ਕਿਉਂਕਿ ਅਜੇ ਵੀ ਕੁਝ ਨਹੀਂ ਵਿਗੜਿਆ।

**ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਹੁਣ ਅਸੀਂ ਜਿਸ ਮਾਲਿਕ ਨੂੰ ਵਿਸਾਰਦੇ ਹਾਂ ਉਸ ਦਾ ਬਾਅਦ ਵਿੱਚ ਸਾਨੂੰ ਵਿਗੋਚਾ ਆਉਣਾ ਹੈ। ਉਥੇ ਐਸ ਸਮਾਂ ਆਉਣਾ ਹੈ ਜਦੋਂ ਧਰਮਰਾਜ ਨੇ ਸਾਨੂੰ ਪੁੱਛਣਾ ਹੈ ਕਿ ਤੂੰ ਕਦੇ ਸਾਧੂ ਦੀ ਸੰਗਤ ਕੀਤੀ ਹੈ, ਗੁਰਬਾਣੀ ਦੀ ਸੰਗਤ ਕੀਤੀ ਹੈ, ਕਦੇ ਕਥਾ, ਕੀਰਤਨ, ਜਾਂ ਗੁਰਬਾਣੀ ਉੱਪਰ ਵੀਚਾਰਾਂ ਸੁਣੀਆਂ ਹਨ? ਕਦੇ ਰੱਬ ਦੇ ਨਾਮ ਦਾ ਜਾਪ ਕੀਤਾ ਹੈ? ਕਦੇ ਕੋਈ ਨੇਕ ਕਰਮ ਕੀਤਾ ਹੈ? ਜਦੋਂ ਤੇਰੇ ਕੋਲ ਇਹਨਾਂ ਸਾਰਿਆਂ ਵਿਚੋਂ ਕੋਈ ਵੀ ਚੀਜ ਨਹੀਂ ਹੋਣੀ ਫੇਰ ਤੈਨੂੰ ਨਾਮ ਦਾ ਵਿਗੋਚਾ ਆਉਣਾ ਹੈ। ਉਂਞ ਜੀਵ ਸੋਚਦਾ ਹੈ ਕਿ ਜਿਹੜੇ ਪਾਠ ਨਹੀਂ ਕਰਦੇ ਉਹਨਾਂ ਦਾ ਕੀ ਵਿਗੜ ਗਿਆ ਹੈ? ਫੇਰ ਉਥੇ ਜਾ ਕੇ ਪਤਾ ਲੱਗਦਾ ਹੈ ਕਿ ਕੀ ਵਿਗੜਿਆ ਹੈ। ਉਥੇ ਜਦੋਂ ਅਸੀਂ ਇਹਨਾਂ ਦੀ ਕਮੀ ਜਾਂ ਘਾਟ ਮਹਿਸੂਸ ਕਰਦੇ ਹਾਂ ਫੇਰ ਪਛਤਾਵਾ ਕਰਦੇ ਹਾਂ।

**ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥**

ਜੋ ਜੀਵ ਪ੍ਰੀਤਮ ਦੀ ਸੱਚ ਰੂਪੀ ਤਾਕਤ ਦੀ ਸੰਗਤ ਅਤੇ ਸ਼ਰਨ ਵਿੱਚ ਆ ਜਾਂਦੇ ਹਨ ਉਹਨਾਂ ਦੀ ਸੋਚ, ਵਿਚਾਰ ਵੱਖਰੀ ਹੋ ਜਾਂਦੀ ਹੈ। ਉਹ ਖੁਦ ਵੀ ਹਮੇਸ਼ਾਂ ਨੇਕ ਕਰਮ ਕਰਦੇ ਹਨ ਅਤੇ ਸੰਗਤ ਵੀ ਨੇਕ ਕਰਮ ਕਰਨ ਵਾਲਿਆਂ ਦੀ ਹੀ ਕਰਦੇ ਹਨ।

*ਕਾਮੀ ਕਾ ਗੁਰੂ ਕਾਮ ਹੈ, ਲੋਭੀ ਕਾ ਗੁਰੂ ਦਾਮ।*

*ਲੋਗਨ ਕੇ ਗੁਰੂ ਸੰਤ ਹੈਂ ਸੰਤਨ ਕਾ ਗੁਰੂ ਨਾਮ।*

ਕਾਮੀਆਂ ਨੂੰ ਕਾਮੀ ਅਤੇ ਲੋਭੀਆਂ ਨੂੰ ਲੋਭੀ ਜੀਵ ਚੰਗੇ ਲੱਗਦੇ ਹਨ। ਲੋਕਾਂ ਨੂੰ ਮਾਲਿਕ ਨਾਲ ਜੋੜਨ ਵਾਸਤੇ ਸੰਤਾਂ ਦੀ ਡਿਊਟੀ ਲੱਗੀ ਹੁੰਦੀ ਹੈ ਅਤੇ ਸੰਤਾਂ ਦਾ ਨੇਹ ਉਸ ਨਾਮ ਨਾਲ ਲੱਗਾ ਹੁੰਦਾ ਹੈ। ਸੋਈ ਇਹ ਪਉੜੀਆਂ ਹਨ। ਜਿਸ ਤਰ੍ਹਾਂ ਗੁਰਬਾਣੀ ਵਿੱਚ ਤਿੰਨ ਚਾਰ ਪਉੜੀਆਂ ਹੁੰਦੀਆਂ ਹਨ ਜਿਹਨਾਂ ਸਦਕਾ ਇਨਸਾਨ ਦੀ ਭਗਤੀ ਵਿੱਚ ਚੜ੍ਹਾਈ ਹੁੰਦੀ ਹੈ। ਜਿਸ ਤਰ੍ਹਾਂ ਸਨੇਕ ਐਂਡ ਲੈਡਰ ਗੇਮ ਵਿੱਚ ਜਦੋਂ ਗੀਟੀ ਸੱਪ ਦੇ ਮੂੰਹ ਵਿੱਚ ਪੈ ਜਾਂਦੀ ਹੈ ਉਹ ਬਿਲਕੁੱਲ ਥੱਲੇ ਆ ਡਿਗਦੀ ਹੈ। ਇਸੇ ਤਰ੍ਹਾਂ ਜੋ ਜੀਵ ਭਗਤੀ ਨੂੰ ਵਿਸਰ ਜਾਂਦੇ ਹਨ ਉਹ ਥੱਲੇ ਆ ਡਿੱਗਦੇ ਹਨ। ਕਈ ਜੀਵ ਕਹਿੰਦੇ ਹਨ ਕਿ ਅਸੀਂ ਉੱਥੇ ਜਾਣਾ ਬੰਦ ਕਰ ਦਿੱਤਾ ਹੈ ਹੁਣ ਸਾਡਾ ਕੀ ਵਿਗੜ ਗਿਆ ਹੈ? ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਬਚਨ ਹਨ ।

*ਸੇਵਕ ਸਿਖ ਹਮਾਰੇ ਤਾਰੀਅਹਿ*

*ਚੁਨ ਚੁਨ ਸਤ੍ਰ ਹਮਾਰੇ ਮਾਰਿਯਹਿ॥ ੩੮੦॥*

*(ਪਾਤਿਸ਼ਾਹੀ 10, ਚੌਪਈ ਸਾਹਿਬ)*

ਜੋ ਜੀਵ ਸੰਤਾਂ ਦੇ ਦੁਸ਼ਮਨ ਹੁੰਦੇ ਹਨ ਜਾਂ ਵਿਰੋਧਤਾ ਕਰਦੇ ਹਨ ਕਾਲ ਉਹਨਾਂ ਨੂੰ ਬਹੁਤ ਰਗੜਾ ਦਿੰਦਾ ਹੈ। ਸੰਤ ਰਗੜਾ ਦੇਣ ਵਾਸਤੇ ਨਾ ਵੀ ਕਹਿਣ ਤਦ ਵੀ ਰਗੜਾ ਵੱਜ ਜਾਂਦਾ ਹੈ। ਜੋ

**Monthly GURBANI UPMA Regd. No. RN 42490/87**
S. G. L. JAN SEWA KENDAR, GARHA, JALANDHAR-144 022.
Phones : 0181-5054199, 98760-04507

ਜੀਵ ਸੰਤਾਂ ਕੋਲ ਆਉਣੋਂ ਹਟ ਜਾਂਦੇ ਹਨ ਉਹਨਾਂ ਦਾ ਬੁਰਾ ਇਸ ਕਰਕੇ ਨਹੀਂ ਹੁੰਦਾ ਕਿਉਂਕਿ ਸੰਤਾਂ ਨੇ ਜੋ ਬਚਨ ਦਿੱਤੇ ਹੁੰਦੇ ਹਨ ਉਹ ਕਦੇ ਵੀ ਵਾਪਸ ਨਹੀਂ ਲੈਂਦੇ। ਉਹ ਤਾਂ

*ਜੋ ਕੀਆ ਸੋ ਕੀਆ, ਜੋ ਦੀਆ ਸੋ ਦੀਆ*
*ਇਕ ਬਾਤ ਸੰਤੋਂ ਮੇਂ ਹੈ।*
*ਗਰਜੇਂ ਤੋ ਘੋਰ ਬਰਸੇ ਨਾ ਬੂੰਦ*
*ਜਿਹ ਫਰੇਬ ਮੇਘੋਂ ਮੇਂ ਹੈ।*

ਸਾਧੂ ਕਦੇ ਵੀ ਕਿਸੇ ਦਾ ਭਲਾ ਕਰਕੇ ਬੁਰਾ ਨਹੀਂ ਕਰਦੇ।

**ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥**

ਸੱਚੇ ਪਾਤਿਸ਼ਾਹੋ ! ਮੇਰੀ ਇੱਕ ਬੇਨਤੀ ਹੈ ਕਿ ਜਦੋਂ ਤੱਕ ਤੁਹਾਡਾ ਮਿਲਾਪ ਨਹੀਂ ਹੋਵੇਗਾ ਅਸੀਂ ਕਿੱਦਾਂ ਆਪਣੇ ਦੁਖੜੇ ਤੁਹਾਨੂੰ ਦੱਸ ਸਕਾਂਗੇ? ਇਸ ਕਰਕੇ ਤੁਸੀਂ ਸਾਨੂੰ ਆਪਣਾ ਮਿਲਾਪ ਬਖਸ਼ੋ ਤਾਂਕਿ ਅਸੀਂ ਆਪਣੇ ਦੁੱਖ ਤਕਲੀਫਾਂ ਤੁਹਾਨੂੰ ਦੱਸ ਸਕੀਏ ਅਤੇ ਤੁਸੀਂ ਸਾਨੂੰ ਜੁਗਤੀ ਦੱਸੋ ਜਿਸ ਸਦਕਾ ਸਾਨੂੰ ਵੀ ਮਾਲਿਕ ਦਾ ਮਿਲਾਪ ਅਤੇ ਬਖਸ਼ਿਸ਼ ਪ੍ਰਾਪਤ ਹੋਵੇ।

**ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩ ॥**

ਬਾਬੇ, ਸੰਤ, ਮਹਾਪੁਰਖ ਸਿਰਫ਼ ਲਿਬਾਸ ਦੇ ਨਾ ਹੋਣ ਸਗੋਂ ਜਿਹਨਾਂ ਦੀ ਉਸ ਹਰੀ ਦੇ ਨਾਲ ਸੋਅ ਲਗੀ ਹੋਵੇ, ਜੁੜੇ ਹੋਣ ਸਾਨੂੰ ਉਹਨਾਂ ਦਾ ਮਿਲਾਪ ਬਖਸ਼ੋ।

*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ*
*ਜਿਸ ਕਾ ਨਿਹਚਲ ਧਾਮ ॥੧॥ (ਅੰਗ 133)*

ਜੋ ਸਾਧੂ ਨਿਰਮਲ ਧਾਮ ਜਾਂ ਨਿਹਚਲ ਸਥਾਨ ਨਾਲ ਜੁੜੇ ਹਨ ਮੈਨੂੰ ਉਹਨਾਂ ਦਾ ਮਿਲਾਪ ਬਖਸ਼ੋ। ਹਜ਼ੂਰ ਫੁਰਮਾਉਂਦੇ ਹਨ ਕਿ ਵੈਸਾਖ ਦਾ ਮਹੀਨਾ ਉਹਨਾਂ ਜੀਵਾਂ ਵਾਸਤੇ ਭਾਗਾਂ ਵਾਲਾ ਹੈ ਜਿਹਨਾਂ ਨੂੰ ਐਸੇ ਸਾਧੂ ਦਾ ਮਿਲਾਪ ਹੁੰਦਾ ਹੈ ਜਿਹਨਾਂ ਦੀ ਮਾਲਿਕ ਨਾਲ ਸੋਅ, ਸੋਚ, ਵੀਚਾਰ ਲੱਗੀ ਹੈ।

ਸੋਈ ਹਜ਼ੂਰ ਕਿਰਪਾ ਕਰਨ। ਵੈਸਾਖ ਦਾ ਮਹੀਨਾ ਐਤਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਜਿਸ ਤਰ੍ਹਾਂ ਸੰਗਤ ਨੂੰ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜੋ ਸੰਗਤ ਵਿਦੇਸ਼ਾਂ ਵਿੱਚ ਜਾਂ ਸੇਵਾ ਵਿੱਚ ਲੱਗੀ ਹੋਣ ਕਰਕੇ ਨਹੀਂ ਆ ਸਕੀ ਹਜ਼ੂਰ ਸਭ ਦੀਆਂ ਹਾਜਰੀਆਂ ਕਬੂਲ ਕਰਕੇ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਬ੍ਰਾਇਟ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-5054199, 98760-04507
www.sglchhosp.org

**ਐਡੀਟਰ : ਮਹਿੰਦਰ ਸਿੰਘ ਪਰਵਾਨਾ** ਜਿਲਦ-31 ਅੰਕ 2 ਅਪ੍ਰੈਲ : 2019 ਕੀਮਤ : 8 ਰੁਪੈ